1	Which of the following best describes the labour force participation rate? a) It is defined as the number of persons employed per thousand persons of the total population b) It is defined as the labour force divided by the total working-age population c) It is defined as the number of persons in working age per thousand persons in labour force d) It is defined as the share of the working age population in total population	ਇਹਨਾਂ ਵਿੱਚੋਂ ਕਿਹੜਾ ਵਿਕਲਪ ਕਿਰਤ ਸ਼ਕਤੀ ਭਾਗੀਦਾਰੀ ਦਰ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦਾ ਹੈ? a) ਇਸਨੂੰ ਕੁੱਲ ਆਬਾਦੀ ਦੇ ਪ੍ਰਤੀ ਹਜ਼ਾਰ ਵਿਅਕਤੀਆਂ ਵਿੱਚੋਂ ਰੁਜ਼ਗਾਰ ਪ੍ਰਾਪਤ ਵਿਅਕਤੀਆਂ ਦੀ ਸੰਖਿਆ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ b) ਇਸਨੂੰ ਲੇਬਰ ਫੋਰਸ ਨੂੰ ਕੁੱਲ ਕੰਮ ਕਰਨ ਵਾਲੀ ਉਮਰ ਦੀ ਆਬਾਦੀ ਨਾਲ ਵੰਡਣ ਵੱਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ c) ਇਸਨੂੰ ਪ੍ਰਤੀ ਇੱਕ ਹਜ਼ਾਰ ਵਿਅਕਤੀਆਂ ਦੀ ਲੇਬਰ ਫ਼ੋਰਸ ਵਿਚਲੇ ਕੰਮ ਕਰਨ ਦੀ ਉਮਰ ਵਾਲਿਆਂ ਦੀ ਸੰਖਿਆ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ d) ਇਸਨੂੰ ਕੁੱਲ ਆਬਾਦੀ ਵਿੱਚ ਕੰਮ ਕਰਨ ਵਾਲੀ ਉਮਰ ਦੀ ਆਬਾਦੀ ਦੇ ਹਿੱਸੇ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ
2	Mid-day meal has been renamed as __________ a) PM Poshan b) PM Annadan yojana c) PM Annapurna yojana d) None of the above	ਮਿਡ-ਡੇਅ ਮੀਲ ਦਾ ਨਾਮ ਬਦਲ ਕੇ _________ ਰੱਖਿਆ ਗਿਆ ਹੈ। a) ਪ੍ਰਧਾਨ ਮੰਤਰੀ ਪੋਸ਼ਣ b) ਪ੍ਰਧਾਨ ਮੰਤਰੀ ਅੰਨਦਾਨ ਯੋਜਨਾ c) ਪ੍ਰਧਾਨ ਮੰਤਰੀ ਅੰਨਪੂਰਨਾ ਯੋਜਨਾ d) ਉਪਰੋਕਤ ਵਿੱਚੋਂ ਕੋਈ ਨਹੀਂ।
3	"Trickle-down Theory of Development" holds that a) Development spreads downwards through greater demand for labour b) Rate of growth of an economy is inversely proportional to the rates of taxation c) Global prosperity spreads to domestic economy d) None of the above	"ਵਿਕਾਸ ਦਾ ਟ੍ਰਿਕਲ-ਡਾਉਨ ਸਿਧਾਂਤ" ਮੰਨਦਾ ਹੈ ਕਿ a) ਕਿਰਤ ਦੀ ਵੱਧ ਮੰਗ ਰਾਹੀਂ ਵਿਕਾਸ ਹੇਠਾਂ ਵੱਲ ਫੈਲਦਾ ਹੈ b) ਕਿਸੇ ਅਰਥਵਿਵਸਥਾ ਦੀ ਵਿਕਾਸ ਦਰ ਟੈਕਸ ਦੀਆਂ ਦਰਾਂ ਦੇ ਉਲਟ ਅਨੁਪਾਤੀ ਹੁੰਦੀ ਹੈ c) ਵਿਸ਼ਵਵਿਆਪੀ ਖੁਸ਼ਹਾਲੀ ਘਰੇਲੂ ਅਰਥਵਿਵਸਥਾ ਵਿੱਚ ਫੈਲਦੀ ਹੈ d) ਉਪਰੋਕਤ ਵਿੱਚੋਂ ਕੋਈ ਨਹੀਂ
4	If a person is ready to work at the prevailing wage rate in the market, but he is unable to find the work, then what type of unemployment would it be called? a) Voluntary unemployment b) Involuntary unemployment c) Seasonal unemployment d) None of the above	ਜੇਕਰ ਕੋਈ ਵਿਅਕਤੀ ਬਾਜ਼ਾਰ ਵਿੱਚ ਪ੍ਰਚਲਿਤ ਉਜਰਤ ਦਰ 'ਤੇ ਕੰਮ ਕਰਨ ਲਈ ਤਿਆਰ ਹੈ, ਪਰ ਉਸਨੂੰ ਕੰਮ ਨਹੀਂ ਮਿਲ ਰਿਹਾ, ਤਾਂ ਇਸਨੂੰ ਕਿਸ ਕਿਸਮ ਦੀ ਬੇਰੁਜ਼ਗਾਰੀ ਕਿਹਾ ਜਾਵੇਗਾ? a) ਸਵੈ-ਇੱਛਤ ਬੇਰੁਜ਼ਗਾਰੀ b) ਅਣਇੱਛਤ ਬੇਰੁਜ਼ਗਾਰੀ c) ਮੌਸਮੀ ਬੇਰੁਜ਼ਗਾਰੀ d) ਉਪਰੋਕਤ ਵਿੱਚੋਂ ਕੋਈ ਨਹੀਂ
5	Which of the following truly defines the 'Demographic Dividend'. a) Growth in an economy that is the result of a change in the age structure of the country's population b) Growth in an economy that is the result of increase in population c) Growth in an economy that is the result of increase in Total Fertility Rate (TFR) d) Growth in an economy that is the result of increase in Additional per capita income growth	ਇਹਨਾਂ ਵਿੱਚੋਂ ਕਿਹੜਾ ਵਿਕਲਪ ਅਸਲ ਵਿੱਚ 'ਜਨਸੰਖਿਆ ਲਾਭਅੰਸ਼' ਨੂੰ ਪਰਿਭਾਸ਼ਿਤ ਕਰਦਾ ਹੈ? a) ਕਿਸੇ ਅਰਥਵਿਵਸਥਾ ਵਿੱਚ ਵਿਕਾਸ ਜੋ ਉਸ ਦੇਸ਼ ਦੀ ਆਬਾਦੀ ਦੀ ਉਮਰ ਵਿੱਚ ਤਬਦੀਲੀ ਦਾ ਨਤੀਜਾ ਹੈ b) ਕਿਸੇ ਅਰਥਵਿਵਸਥਾ ਵਿੱਚ ਵਿਕਾਸ ਜੋ ਆਬਾਦੀ ਵਿੱਚ ਵਾਧੇ ਦਾ ਨਤੀਜਾ ਹੈ c) ਕਿਸੇ ਅਰਥਵਿਵਸਥਾ ਵਿੱਚ ਵਿਕਾਸ ਜੋ ਕੁੱਲ ਪ੍ਰਜਨਨ ਦਰ (TFR) ਵਿੱਚ ਵਾਧੇ ਦਾ ਨਤੀਜਾ ਹੈ d) ਕਿਸੇ ਅਰਥਵਿਵਸਥਾ ਵਿੱਚ ਹੋਇਆ ਵਿਕਾਸ ਜਿਹੜਾ ਵਾਧੂ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਕਾਰਨ ਹੋਇਆ ਹੋਵੇ

RAR Civils - Punjab

Join RAR Civils - Punjab (Telegram , YT)

6	Amalgamation of the public sector banks are aimed at multiple gains. In this context, select the correct gains using the codes given below: 1. Economies of scale 2. Improved access to capital 3. Covering larger geographical areas 4. Banks of global size a) 1 and 2 only b) 2 and 3 only c) 1, 2 and 4 only d) 1, 2, 3 and 4	ਜਨਤਕ ਖੇਤਰ ਦੇ ਬੈਂਕਾਂ ਦੇ ਏਕੀਕਰਨ ਦਾ ਉਦੇਸ਼ ਕਈ ਲਾਭ ਪ੍ਰਾਪਤ ਕਰਨਾ ਹੈ। ਇਸ ਸੰਦਰਭ ਵਿੱਚ, ਹੇਠਾਂ ਦਿੱਤੇ ਗਏ ਕੋਡਾਂ ਦੀ ਵਰਤੋਂ ਕਰਕੇ ਸਹੀ ਲਾਭਾਂ ਦੀ ਚੋਣ ਕਰੋ: 1. ਪੈਮਾਨੇ ਦੀਆਂ ਅਰਥਵਿਵਸਥਾਵਾਂ 2. ਪੂੰਜੀ ਤੱਕ ਬਿਹਤਰ ਪਹੁੰਚ 3. ਵੱਡੇ ਭੂਗੋਲਿਕ ਖੇਤਰਾਂ ਨੂੰ ਕਵਰ ਕਰਨਾ 4. ਵਿਸ਼ਵਵਿਆਪੀ ਪੱਧਰ ਦੇ ਬੈਂਕ a) ਸਿਰਫ਼ 1 ਅਤੇ 2 b) ਸਿਰਫ਼ 2 ਅਤੇ 3 c) ਸਿਰਫ਼ 1, 2 ਅਤੇ 4 d) 1, 2, 3 ਅਤੇ 4
7	Which among the following is ***not*** an Indirect Tax? a) Corporation Tax b) Service Tax c) Custom Duty d) Excise Duty	ਇਹਨਾਂ ਵਿੱਚੋਂ ਕਿਹੜਾ ਅਸਿੱਧਾ ਟੈਕਸ ***ਨਹੀਂ*** ਹੈ? a) ਕਾਰਪੋਰੇਸ਼ਨ ਟੈਕਸ b) ਸੇਵਾ ਟੈਕਸ c) ਕਸਟਮ ਡਿਊਟੀ d) ਆਬਕਾਰੀ ਡਿਊਟੀ
8	Which of the following are the functions of NABARD (National Bank For Agriculture And Rural Development)? 1. Co-ordinate the activities of all institutions involved in rural financing system 2. Refinance 3. Accepting deposits from public Select the correct answer from the codes given below: a) 1 and 3 only b) 1 and 2 only c) 1, 2 and 3 d) 3 only	ਹੇਠ ਲਿਖੇ ਕਾਰਜਾਂ ਵਿੱਚੋਂ ਨਾਬਾਰਡ (ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ) ਦੇ ਕੰਮ ਕਿਹੜੇ ਹਨ? 1. ਪੇਂਡੂ ਵਿੱਤ ਪ੍ਰਣਾਲੀ ਵਿੱਚ ਸ਼ਾਮਲ ਸਾਰੀਆਂ ਸੰਸਥਾਵਾਂ ਦੀਆਂ ਗਤੀਵਿਧੀਆਂ ਦਾ ਤਾਲਮੇਲ ਕਰਨਾ 2. ਪੁਨਰਵਿੱਤ ਕਰਨਾ 3. ਜਨਤਾ ਤੋਂ ਜਮ੍ਹਾਂ ਰਾਸ਼ੀ ਸਵੀਕਾਰ ਕਰਨਾ ਹੇਠਾਂ ਦਿੱਤੇ ਗਏ ਕੋਡਾਂ ਵਿੱਚੋਂ ਸਹੀ ਉੱਤਰ ਚੁਣੋ: a) ਸਿਰਫ਼ 1 ਅਤੇ 3 b) ਸਿਰਫ਼ 1 ਅਤੇ 2 c) 1, 2 ਅਤੇ 3 d) ਸਿਰਫ਼ 3
9	What is key difference between economic growth and economic development? a) Economic growth focuses on qualitative factors, while economic development focuses on quantitative factors b) Economic growth involves an increase in output, while economic development includes improvements in living standards c) Economic growth includes healthcare provisions, while economic development includes food production d) There is no difference between the two terms	ਆਰਥਿਕ ਵਿਕਾਸ ਅਤੇ ਆਰਥਿਕ ਉਨੱਤੀ ਵਿੱਚ ਮੁੱਖ ਅੰਤਰ ਕੀ ਹੈ? a) ਆਰਥਿਕ ਵਿਕਾਸ ਗੁਣਾਤਮਕ ਕਾਰਕਾਂ 'ਤੇ ਕੇਂਦ੍ਰਿਤ ਹੈ, ਜਦੋਂ ਕਿ ਆਰਥਿਕ ਉੱਨਤੀ ਮਾਤਰਾਤਮਕ ਕਾਰਕਾਂ 'ਤੇ ਕੇਂਦ੍ਰਿਤ ਹੈ b) ਆਰਥਿਕ ਵਿਕਾਸ ਵਿੱਚ ਉਤਪਾਦਨ ਵਿੱਚ ਵਾਧਾ ਸ਼ਾਮਲ ਹੈ, ਜਦੋਂ ਕਿ ਆਰਥਿਕ ਉੱਨਤੀ ਵਿੱਚ ਜੀਵਨ ਪੱਧਰ ਵਿੱਚ ਸੁਧਾਰ ਹੁੰਦਾ ਹੈ c) ਆਰਥਿਕ ਵਿਕਾਸ ਵਿੱਚ ਸਿਹਤ ਸੰਭਾਲ ਪ੍ਰਬੰਧ ਸ਼ਾਮਲ ਹਨ, ਜਦੋਂ ਕਿ ਆਰਥਿਕ ਉੱਨਤੀ ਵਿੱਚ ਭੋਜਨ ਉਤਪਾਦਨ ਸ਼ਾਮਲ ਹੈ d) ਦੋਵੇਂ ਪਰਿਭਾਸ਼ਕ ਸ਼ਬਦਾਂ ਵਿੱਚ ਕੋਈ ਅੰਤਰ ਨਹੀਂ ਹੈ

Join RAR Civils - Punjab (Telegram , YT)

10	Which of the following government interventions was primarily aimed at improving maternal health in India? a) Ujjwala Yojna b) Pradhan Mantri Surakshit Matritva Abhiyan c) Swachh Bharat Mission d) Mission Poshan 2.0	ਹੇਠ ਲਿਖਿਆਂ ਵਿੱਚੋਂ ਕਿਹੜਾ ਸਰਕਾਰੀ ਉਪਰਾਲਾ ਮੁੱਖ ਤੌਰ 'ਤੇ ਭਾਰਤ ਵਿੱਚ ਮਾਵਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ ਸੀ? a) ਉੱਜਵਲਾ ਯੋਜਨਾ b) ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ c) ਸਵੱਛ ਭਾਰਤ ਮਿਸ਼ਨ d) ਮਿਸ਼ਨ ਪੋਸ਼ਣ 2.0
11	For election to the Lok Sabha, a nomination paper can be filed by a) anyone residing in India b) a resident of the constituency from which the election is to be contested c) any citizen of India whose name appears in the electoral roll of a constituency d) any citizen of India	ਲੋਕ ਸਭਾ ਦੀ ਚੋਣ ਲਈ, ਨਾਮਜ਼ਦਗੀ ਪੱਤਰ ਕੌਣ ਦਾਇਰ ਕਰ ਸਕਦਾ ਹੈ? a) ਭਾਰਤ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ b) ਉਸ ਹਲਕੇ ਦਾ ਨਿਵਾਸੀ ਜਿੱਥੋਂ ਚੋਣ ਲੜੀ ਜਾਣੀ ਹੈ c) ਭਾਰਤ ਦਾ ਕੋਈ ਵੀ ਨਾਗਰਿਕ ਜਿਸਦਾ ਨਾਮ ਕਿਸੇ ਹਲਕੇ ਦੀ ਵੋਟਰ ਸੂਚੀ ਵਿੱਚ ਆਉਂਦਾ ਹੈ d) ਭਾਰਤ ਦਾ ਕੋਈ ਵੀ ਨਾਗਰਿਕ
12	Which part of the Indian Constitution contains the Fundamental Rights? a) Part I b) Part II c) Part III d) Part IV	ਭਾਰਤੀ ਸੰਵਿਧਾਨ ਦੇ ਕਿਹੜੇ ਹਿੱਸੇ ਵਿੱਚ ਮੌਲਿਕ ਅਧਿਕਾਰ ਦਰਜ ਹਨ? a) ਭਾਗ I b) ਭਾਗ II c) ਭਾਗ III d) ਭਾਗ IV
13	In Indian Constitution, the power to issue a writ of 'Habeas Corpus' is vested only in: a) The Supreme Court b) The High Courts c) The Subordinate Courts d) The Supreme Court and the High Courts	ਭਾਰਤੀ ਸੰਵਿਧਾਨ ਵਿੱਚ, 'ਹੈਬੀਅਸ ਕਾਰਪਸ' ਦੀ ਰਿੱਟ ਜਾਰੀ ਕਰਨ ਦੀ ਸ਼ਕਤੀ ਸਿਰਫ਼ ਇਹਨਾਂ ਨੂੰ ਹੀ ਹੈ: a) ਸੁਪਰੀਮ ਕੋਰਟ b) ਹਾਈ ਕੋਰਟ c) ਅਧੀਨ ਅਦਾਲਤਾਂ d) ਸੁਪਰੀਮ ਕੋਰਟ ਅਤੇ ਹਾਈ ਕੋਰਟਾਂ
14	In which case did the Supreme Court of India, for the first time, ruled that the Parliament cannot amend provisions forming the 'basic structure' of the Constitution? a) Golaknath case (1967) b) Kesavananda Bharati case (1973) c) Maneka Gandhi case (1978) d) Minerva Mills case (1980)	ਭਾਰਤ ਦੀ ਸੁਪਰੀਮ ਕੋਰਟ ਨੇ ਪਹਿਲੀ ਵਾਰ ਕਿਸ ਮਾਮਲੇ ਵਿੱਚ ਇਹ ਫੈਸਲਾ ਸੁਣਾਇਆ ਕਿ ਸੰਸਦ ਸੰਵਿਧਾਨ ਦੇ 'ਮੂਲ ਢਾਂਚੇ' ਵਾਲੇ ਉਪਬੰਧਾਂ ਵਿੱਚ ਸੋਧ ਨਹੀਂ ਕਰ ਸਕਦੀ? a) ਗੋਲਕਨਾਥ ਕੇਸ (1967) b) ਕੇਸ਼ਵਾਨੰਦ ਭਾਰਤੀ ਕੇਸ (1973) c) ਮੇਨਕਾ ਗਾਂਧੀ ਕੇਸ (1978) d) ਮਿਨਰਵਾ ਮਿੱਲਜ਼ ਕੇਸ (1980)
15	On receipt of a Constitutional Amendment Bill, after passing by each House of Parliament, the President: a) Shall give his assent b) May give his assent c) May withhold his assent d) May return the Bill for reconsideration	ਸੰਵਿਧਾਨਕ ਸੋਧ ਬਿੱਲ ਪ੍ਰਾਪਤ ਹੋਣ 'ਤੇ, ਸੰਸਦ ਦੇ ਹਰੇਕ ਸਦਨ ਦੁਆਰਾ ਪਾਸ ਹੋਣ ਤੋਂ ਬਾਅਦ, ਰਾਸ਼ਟਰਪਤੀ: a) ਆਪਣੀ ਸਹਿਮਤੀ ਦੇਣਗੇ b) ਆਪਣੀ ਸਹਿਮਤੀ ਦੇ ਸਕਦੇ ਹਨ c) ਆਪਣੀ ਸਹਿਮਤੀ ਰੋਕ ਸਕਦੇ ਹਨ d) ਬਿੱਲ ਨੂੰ ਮੁੜ ਵਿਚਾਰ ਲਈ ਵਾਪਸ ਭੇਜ ਸਕਦੇ ਹਨ

RAR Civils - Punjab

Join RAR Civils - Punjab (Telegram , YT)

16	Can a person who is ***not*** a member of either House of the state legislature be appointed as a minister? a) Yes, without any conditions b) Yes, but within six months, he/she must become a member of either House of the state legislature c) No, only members of the state legislative assembly can be appointed as ministers d) No, only members of the state legislative council can be appointed as ministers	ਕੀ ਕੋਈ ਵਿਅਕਤੀ ਜੋ ਰਾਜ ਵਿਧਾਨ ਸਭਾ ਦੇ ਕਿਸੇ ਵੀ ਸਦਨ ਦਾ ਮੈਂਬਰ ***ਨਹੀਂ*** ਹੈ, ਨੂੰ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ? a) ਹਾਂ, ਬਿਨਾਂ ਕਿਸੇ ਸ਼ਰਤ ਦੇ b) ਹਾਂ, ਪਰ ਛੇ ਮਹੀਨਿਆਂ ਦੇ ਅੰਦਰ, ਉਸਨੂੰ ਰਾਜ ਵਿਧਾਨ ਸਭਾ ਦੇ ਕਿਸੇ ਇੱਕ ਸਦਨ ਦਾ ਮੈਂਬਰ ਬਣਨਾ ਪਵੇਗਾ c) ਨਹੀਂ, ਸਿਰਫ਼ ਰਾਜ ਵਿਧਾਨ ਸਭਾ ਦੇ ਮੈਂਬਰਾਂ ਨੂੰ ਹੀ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ d) ਨਹੀਂ, ਸਿਰਫ਼ ਰਾਜ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਨੂੰ ਹੀ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ
17	Article 368 of the Indian Constitution deals with: a) Amending Procedure b) Emergency Provisions c) Right to Information d) Fundamental duties	ਭਾਰਤੀ ਸੰਵਿਧਾਨ ਦਾ ਅਨੁਛੇਦ 368 ਇਹਨਾਂ ਵਿਕਲਪਾਂ ਵਿੱਚੋਂ ਕਿਸ ਨਾਲ ਸੰਬੰਧਿਤ ਹੈ: a) ਸੋਧ ਪ੍ਰਕਿਰਿਆ b) ਐਮਰਜੈਂਸੀ ਉਪਬੰਧ c) ਜਾਣਕਾਰੀ ਦਾ ਅਧਿਕਾਰ d) ਮੌਲਿਕ ਕਰਤੱਵ
18	The fundamental duties of the Constitution were incorporated on the recommendations of: a) Swaran Singh Committee b) Govardhan Mehta Committee c) Ashok Mehta Committee d) Anoop Committee	ਸੰਵਿਧਾਨ ਦੇ ਬੁਨਿਆਦੀ ਕਰਤੱਵਾਂ ਨੂੰ ਹੇਠ ਲਿਖੀਆਂ ਸਿਫ਼ਾਰਸ਼ਾਂ 'ਤੇ ਸ਼ਾਮਲ ਕੀਤਾ ਗਿਆ ਸੀ: a) ਸਵਰਨ ਸਿੰਘ ਕਮੇਟੀ b) ਗੋਵਰਧਨ ਮਹਿਤਾ ਕਮੇਟੀ c) ਅਸ਼ੋਕ ਮਹਿਤਾ ਕਮੇਟੀ d) ਅਨੂਪ ਕਮੇਟੀ
19	Who administers the oath of the office to the President of India? a) The Prime Minister of India b) The Vice President of India c) The Chief Justice of India d) The Speaker of Lok Sabha	ਭਾਰਤ ਦੇ ਰਾਸ਼ਟਰਪਤੀ ਨੂੰ ਅਹੁਦੇ ਦੀ ਸਹੁੰ ਕੌਣ ਚੁਕਾਉਂਦਾ ਹੈ? a) ਭਾਰਤ ਦੇ ਪ੍ਰਧਾਨ ਮੰਤਰੀ b) ਭਾਰਤ ਦੇ ਉਪ ਰਾਸ਼ਟਰਪਤੀ c) ਭਾਰਤ ਦੇ ਚੀਫ ਜਸਟਿਸ d) ਲੋਕ ਸਭਾ ਦੇ ਸਪੀਕਰ
20	Dr. B.R. Ambedkar called which of the following as the heart and soul of the Constitution? a) Right to Constitutional Remedies b) Right to Freedom of Religion c) Right to Equality d) None of the above	ਡਾ. ਬੀ.ਆਰ. ਅੰਬੇਡਕਰ ਨੇ ਇਹਨਾਂ ਵਿੱਚੋਂ ਕਿਸ ਨੂੰ ਸੰਵਿਧਾਨ ਦਾ ਦਿਲ ਅਤੇ ਆਤਮਾ ਕਿਹਾ? a) ਸੰਵਿਧਾਨਕ ਉਪਚਾਰਾਂ ਦਾ ਅਧਿਕਾਰ b) ਧਰਮ ਦੀ ਆਜ਼ਾਦੀ ਦਾ ਅਧਿਕਾਰ c) ਸਮਾਨਤਾ ਦਾ ਅਧਿਕਾਰ d) ਉਪਰੋਕਤ ਵਿੱਚੋਂ ਕੋਈ ਨਹੀਂ
21	Horst and graben are related to which one of the following relief features? a) Fold mountain b) Volcanic mountain c) Block mountain d) Residual mountain	ਹੋਰਸਟ ਅਤੇ ਗ੍ਰੇਬੇਨ ਹੇਠ ਲਿਖੀਆਂ ਉੱਚਾਵਚ ਅਨਕ੍ਰਤੀਆਂ (ਰਿਲੀਫ ਫੀਚਰਜ਼) ਵਿੱਚੋਂ ਕਿਸ ਨਾਲ ਸਬੰਧਤ ਹਨ? a) ਫੋਲਡ ਪਹਾੜ b) ਜਵਾਲਾਮੁਖੀ ਪਹਾੜ c) ਬਲਾਕ ਪਹਾੜ d) ਰੈਜ਼ੀਡਿਊਲ ਪਹਾੜ
22	Graphite is considered as which one of the following type of rocks? a) Metamorphic rocks b) Sedimentary rocks c) Both 'a' and 'b' d) Neither 'a' nor 'b'	ਗ੍ਰੇਫਾਈਟ ਨੂੰ ਹੇਠ ਲਿਖੀਆਂ ਚੱਟਾਨਾਂ ਵਿੱਚੋਂ ਕਿਸ ਕਿਸਮ ਦੀ ਚੱਟਾਨ ਮੰਨਿਆ ਜਾਂਦਾ ਹੈ? a) ਰੂਪਾਂਤਰਿਤ ਚੱਟਾਨਾਂ b) ਤਲਛਟ ਚੱਟਾਨਾਂ c) 'a' ਅਤੇ 'b' ਦੋਵੇਂ d) ਨਾ ਤਾਂ 'a' ਅਤੇ ਨਾ ਹੀ 'b'

RAR Civils - Punjab

Join RAR Civils - Punjab (Telegram , YT)

23	Nathu-La pass is located in which one of the following states in India? a) Himachal Pradesh b) Uttarakhand c) Arunachal Pradesh d) Sikkim	ਨਾਥੂ-ਲਾ ਦੱਰਾ (ਪਾਸ) ਭਾਰਤ ਦੇ ਕਿਹੜੇ ਰਾਜ ਵਿੱਚ ਸਥਿਤ ਹੈ? a) ਹਿਮਾਚਲ ਪ੍ਰਦੇਸ਼ b) ਉਤਰਾਖੰਡ c) ਅਰੁਣਾਚਲ ਪ੍ਰਦੇਸ਼ d) ਸਿੱਕਮ
24	Which one of the following options correctly represents the height of the major mountain peaks in India is descending order (from high to low)? a) K-2, Kanchenjunga, Nanga Parbat, Nanda Devi b) Kanchenjunga, K-2, Nanga Parbat, Nanda Devi c) K-2, Kanchenjunga, Nanda Devi, Nanga Parbat d) Kanchenjunga, K-2, Nanda Devi, Nanga Parbat	ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਕਿਹੜਾ ਇੱਕ ਭਾਰਤ ਵਿੱਚ ਪ੍ਰਮੁੱਖ ਪਹਾੜੀ ਚੋਟੀਆਂ ਦੀ ਉਚਾਈ ਨੂੰ ਘੱਟਦੇ ਕ੍ਰਮ (ਉੱਚ ਤੋਂ ਨੀਵੇਂ ਤੱਕ) ਨੂੰ ਸਹੀ ਢੰਗ ਨਾਲ ਦਰਸਾਉਂਦਾ ਹੈ? a) ਕੇ-2, ਕੰਚਨਜੰਗਾ, ਨੰਗਾ ਪਰਬਤ, ਨੰਦਾ ਦੇਵੀ b) ਕੰਚਨਜੰਗਾ, ਕੇ-2, ਨੰਗਾ ਪਰਬਤ, ਨੰਦਾ ਦੇਵੀ c) ਕੇ-2, ਕੰਚਨਜੰਗਾ, ਨੰਦਾ ਦੇਵੀ, ਨੰਗਾ ਪਰਬਤ d) ਕੰਚਨਜੰਗਾ, ਕੇ-2, ਨੰਦਾ ਦੇਵੀ, ਨੰਗਾ ਪਰਬਤ
25	The Earth Summit (1992) took place in which one of the following cities? a) Brussels b) Rio de Janeiro c) Mexico City d) Buenos Aires	ਧਰਤੀ ਸੰਮੇਲਨ (1992) ਇਹਨਾਂ ਵਿੱਚੋਂ ਕਿਹੜੇ ਸ਼ਹਿਰ ਵਿੱਚ ਹੋਇਆ ਸੀ? a) ਬ੍ਰਸੇਲਜ਼ b) ਰੀਓ ਡੀ ਜਨੇਰੀਓ c) ਮੈਕਸੀਕੋ ਸਿਟੀ d) ਬਿਊਨਸ ਆਇਰਸ
26	What is meant by 'endemic species'? a) Those species that are not found where they were known to occur b) Those species which are only found in some particular areas isolated by natural or geographical barriers c) Those species which are in the danger of extinction d) Those species whose numbers have declined and they are likely to become rare	ਸਥਾਨਕ ਪ੍ਰਜਾਤੀਆਂ ਤੋਂ ਕੀ ਭਾਵ ਹੈ? a) ਉਹ ਪ੍ਰਜਾਤੀਆਂ ਜੋ ਉੱਥੇ ਨਹੀਂ ਮਿਲਦੀਆਂ ਜਿੱਥੇ ਉਹਨਾਂ ਦੇ ਹੋਣ ਦੀ ਮਾਨਤਾ ਹੁੰਦੀ ਹੈ b) ਉਹ ਪ੍ਰਜਾਤੀਆਂ ਜੋ ਸਿਰਫ਼ ਕੁਦਰਤੀ ਜਾਂ ਭੂਗੋਲਿਕ ਰੁਕਾਵਟਾਂ ਦੁਆਰਾ ਅਲੱਗ-ਥਲੱਗ ਕੁਝ ਖਾਸ ਖੇਤਰਾਂ ਵਿੱਚ ਮਿਲਦੀਆਂ ਹਨ c) ਉਹ ਪ੍ਰਜਾਤੀਆਂ ਜੋ ਅਲੋਪ ਹੋਣ ਦੇ ਖ਼ਤਰੇ ਵਿੱਚ ਹਨ d) ਉਹ ਪ੍ਰਜਾਤੀਆਂ ਜਿਨ੍ਹਾਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ ਅਤੇ ਉਨ੍ਹਾਂ ਦੇ ਦੁਰਲੱਭ ਹੋਣ ਦੀ ਸੰਭਾਵਨਾ ਹੈ
27	What is meant by 'temperature inversion'? a) Decrease in temperature with height b) Increase in temperature with height c) Temperature reaches freezing point d) Temperature reaches dew point	'ਤਾਪਮਾਨ ਇਨਵਰਜ਼ਨ' ਦਾ ਕੀ ਅਰਥ ਹੈ? a) ਉਚਾਈ ਦੇ ਨਾਲ ਤਾਪਮਾਨ ਦਾ ਘੱਟ ਹੋਣਾ b) ਉਚਾਈ ਦੇ ਨਾਲ ਤਾਪਮਾਨ ਦਾ ਵਧਣਾ c) ਤਾਪਮਾਨ ਜਮਾਉ ਬਿੰਦੂ ਤੱਕ ਪਹੁੰਚਦਾ ਹੈ d) ਤਾਪਮਾਨ ਤ੍ਰੇਲ ਬਿੰਦੂ ਤੱਕ ਪਹੁੰਚਦਾ ਹੈ
28	Which one of the following winds is characterized as hot, dry dusty wind that originates in Saharan desert? a) Mistral b) Sirocco c) Tramontana d) Bora	ਹੇਠ ਲਿਖੀਆਂ ਹਵਾਵਾਂ ਵਿੱਚੋਂ ਕਿਹੜੀ ਇੱਕ ਗਰਮ, ਸੁੱਕੀ ਧੂੜ ਭਰੀ ਹਵਾ ਹੈ ਜੋ ਸਹਾਰਾ ਮਾਰੂਥਲ ਵਿੱਚੋਂ ਚਲਦੀ ਹੁੰਦੀ ਹੈ? a) ਮਿਸਟ੍ਰਾਲ b) ਸਿਰੋਕੋ c) ਟ੍ਰਾਮੋਂਟਾਨਾ d) ਬੋਰਾ

RAR Civils - Punjab

Join RAR Civils - Punjab (Telegram , YT)

29	Which one of the following instruments is used to measure relative humidity? a) Barometer b) Thermogram c) Hygrometer d) Altimeter	ਸਾਪੇਖਿਕ ਨਮੀ ਨੂੰ ਮਾਪਣ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਯੰਤਰ ਵਰਤਿਆ ਜਾਂਦਾ ਹੈ? a) ਬੈਰੋਮੀਟਰ b) ਥਰਮੋਗ੍ਰਾਮ c) ਹਾਈਗਰੋਮੀਟਰ d) ਅਲਟੀਮੀਟਰ
30	Which one of the following features is formed due to the irregularities of the ground which force the rivers to swing in the loops? a) Deltas b) Ox-bow lake c) Meanders d) Interlocking spurs	ਹੇਠ ਲਿਖੀਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਜ਼ਮੀਨ ਦੀ ਬੇਨਿਯਮੀਆਂ ਕਾਰਨ ਬਣਦੀ ਹੈ ਜੋ ਨਦੀਆਂ ਨੂੰ ਲੂਪਾਂ ਵਿੱਚ ਝੂਲਣ ਲਈ ਮਜਬੂਰ ਕਰਦੀ ਹੈ? a) ਡੈਲਟਾ b) ਔਕਸ-ਬੋ ਝੀਲ c) ਮੀਂਐਂਡਰਜ਼ d) ਇੰਟਰਲਾਕਿੰਗ ਸਪਰਜ਼
31	Out of several missions launched or planned by Indian Space Research Organization, IRNSS is mainly regarding: a) Navigation b) Radar Imaging c) MARS Mission d) Moon Mission	ਭਾਰਤੀ ਪੁਲਾੜ ਖੋਜ ਸੰਗਠਨ ਦੁਆਰਾ ਲਾਂਚ ਕੀਤੇ ਗਏ ਜਾਂ ਯੋਜਨਾਬੱਧ ਕਈ ਮਿਸ਼ਨਾਂ ਵਿੱਚੋਂ, IRNSS ਮੁੱਖ ਤੌਰ 'ਤੇ ਕਿਸ ਬਾਰੇ ਹੈ: a) ਨੈਵੀਗੇਸ਼ਨ b) ਰਾਡਾਰ ਇਮੇਜਿੰਗ c) ਮੰਗਲ ਮਿਸ਼ਨ d) ਚੰਦਰਮਾ ਮਿਸ਼ਨ
32	What is the main international organization that deals with global rules of trade? a) International Monetary Fund (IMF) b) World Trade Organisation (WTO) c) European Union (EU) d) North Atlantic Treaty Organisation (NATO)	ਵਪਾਰ ਦੇ ਵਿਸ਼ਵਵਿਆਪੀ ਨਿਯਮਾਂ ਨਾਲ ਸੰਬੰਧਿਤ ਮੁੱਖ ਅੰਤਰਰਾਸ਼ਟਰੀ ਸੰਗਠਨ ਕਿਹੜਾ ਹੈ? a) ਅੰਤਰਰਾਸ਼ਟਰੀ ਮੁਦਰਾ ਫੰਡ (IMF) b) ਵਿਸ਼ਵ ਵਪਾਰ ਸੰਗਠਨ (WTO) c) ਯੂਰਪੀਅਨ ਯੂਨੀਅਨ (EU) d) ਉੱਤਰੀ ਅਟਲਾਂਟਿਕ ਸੰਧੀ ਸੰਗਠਨ (NATO)
33	As the humidity of air increases, the speed of sound through it also ________ a) increases b) decreases c) neither increases nor decrease d) first increases and then decreases	ਜਿਵੇਂ-ਜਿਵੇਂ ਹਵਾ ਦੀ ਨਮੀ ਵਧਦੀ ਹੈ, ਇਸ ਵਿੱਚੋਂ ਲੰਘਣ ਵਾਲੀ ਆਵਾਜ਼ ਦੀ ਗਤੀ ਵੀ ________ a) ਵਧਦੀ ਹੈ b) ਘਟਦੀ ਹੈ c) ਨਾ ਤਾਂ ਵਧਦੀ ਹੈ ਅਤੇ ਨਾ ਹੀ ਘਟਦੀ ਹੈ d) ਪਹਿਲਾਂ ਵਧਦੀ ਹੈ ਅਤੇ ਫੇਰ ਘਟਦੀ ਹੈ।
34	A solid iron ball and a solid wooden ball of the same volume are submerged in water. Then which of the following statements is true? a) The iron ball experiences a greater buoyant force than the wooden ball b) The wooden ball experiences a greater buoyant force than the iron ball c) Both balls experience the same buoyant force d) The buoyant force depends on the weight of the balls	ਇੱਕ ਠੋਸ ਲੋਹੇ ਦਾ ਗੋਲਾ ਅਤੇ ਉਸੇ ਆਇਤਨ ਦਾ ਇੱਕ ਠੋਸ ਲੱਕੜ ਦਾ ਗੋਲਾ ਪਾਣੀ ਵਿੱਚ ਡੁਬੋਇਆ ਜਾਂਦਾ ਹੈ। ਫਿਰ ਇਹਨਾਂ ਵਿੱਚੋਂ ਕਿਹੜਾ ਕਥਨ ਸੱਚ ਹੈ? a) ਲੋਹੇ ਦਾ ਗੋਲਾ ਲੱਕੜ ਦੇ ਗੋਲੇ ਨਾਲੋਂ ਵੱਧ ਉਛਾਲ ਬਲ ਅਨੁਭਵ ਕਰਦਾ ਹੈ b) ਲੱਕੜ ਦਾ ਗੋਲਾ ਲੋਹੇ ਦੇ ਗੋਲੇ ਨਾਲੋਂ ਵੱਧ ਉਛਾਲ ਬਲ ਅਨੁਭਵ ਕਰਦਾ ਹੈ c) ਦੋਵੇਂ ਗੇਂਦਾਂ ਇੱਕੋ ਜਿਹੇ ਉਛਾਲ ਬਲ ਦਾ ਅਨੁਭਵ ਕਰਦੀਆਂ ਹਨ d) ਉਛਾਲ ਬਲ ਗੇਂਦਾਂ ਦੇ ਭਾਰ 'ਤੇ ਨਿਰਭਰ ਕਰਦਾ ਹੈ।

RAR Civils - Punjab

Join RAR Civils - Punjab (Telegram , YT)

35	The phenomenon of persistence of sound after the source has stopped is called: a) Reverberation b) Resonance c) Doppler effect d) Reflection	ਸਰੋਤ ਦੇ ਬੰਦ ਹੋਣ ਤੋਂ ਬਾਅਦ ਧੁਨੀ ਦੇ ਸਥਿਰ ਰਹਿਣ ਦੇ ਵਰਤਾਰੇ ਨੂੰ ਕਿਹਾ ਜਾਂਦਾ ਹੈ: a) ਬਹੁਗੂੰਜ b) ਰੈਜ਼ੋਨੈਂਸ c) ਡੋਪਲਰ ਪ੍ਰਭਾਵ d) ਪਰਿਵਰਤਨ
36	Which of the following is an example of a web browser? a) Google b) Microsoft Word c) Photoshop d) Excel	ਇਹਨਾਂ ਵਿੱਚੋਂ ਕਿਹੜਾ ਵੈੱਬ ਬ੍ਰਾਊਜ਼ਰ ਦੀ ਉਦਾਹਰਣ ਹੈ? a) ਗੂਗਲ b) ਮਾਈਕ੍ਰੋਸਾਫਟ ਵਰਡ c) ਫੋਟੋਸ਼ਾਪ d) ਐਕਸਲ
37	Which of the following is a type of secondary storage device? a) CPU b) RAM c) USB flash drive d) Motherboard	ਇਹਨਾਂ ਵਿੱਚੋਂ ਕਿਹੜਾ ਸੈਕੰਡਰੀ ਸਟੋਰੇਜ ਡਿਵਾਈਸ ਦੀ ਇੱਕ ਕਿਸਮ ਹੈ? a) CPU b) RAM c) USB ਫਲੈਸ਼ ਡਰਾਈਵ d) ਮਦਰਬੋਰਡ
38	Which is constant for a freely falling object? a) Displacement b) Velocity c) Acceleration d) Speed	ਇੱਕ ਸੁਤੰਤਰ ਰੂਪ ਵਿੱਚ ਡਿੱਗਣ ਵਾਲੀ ਵਸਤੂ ਲਈ ਸਥਿਰਾਂਕ ਕਿਹੜਾ ਹੈ? a) ਵਿਸਥਾਪਨ b) ਵੇਗ c) ਪ੍ਰਵੇਗ d) ਗਤੀ
39	Which of the vitamins plays an important role in blood clotting? a) Vitamin C b) Vitamin D c) Vitamin B12 d) Vitamin K	ਕਿਹੜਾ ਵਿਟਾਮਿਨ ਖੂਨ ਦੇ ਜੰਮਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ? a) ਵਿਟਾਮਿਨ C b) ਵਿਟਾਮਿਨ D c) ਵਿਟਾਮਿਨ B12 d) ਵਿਟਾਮਿਨ K
40	Which of the following disease is ***not*** an example of an infectious disease? a) Tuberculosis b) Diabetes c) HIV/AIDS d) Influenza	ਹੇਠ ਲਿਖੀਆਂ ਬਿਮਾਰੀਆਂ ਵਿੱਚੋਂ ਕਿਹੜੀਆਂ ਛੂਤ ਦੀਆਂ ਬਿਮਾਰੀਆਂ ਦੀ ਉਦਾਹਰਣ ***ਨਹੀਂ*** ਹੈ? a) ਤਪਦਿਕ b) ਸ਼ੂਗਰ c) HIV/AIDS d) ਇਨਫਲੂਐਂਜ਼ਾ
41	In which age both copper and stone were used for tools? a) Chalcolithic b) Paleolithic c) Mesolithic d) Neolithic	ਕਿਸ ਯੁੱਗ ਵਿੱਚ ਸੰਦ ਬਨਾਉਣ ਲਈ ਤਾਂਬਾ ਅਤੇ ਪੱਥਰ ਦੋਵੇਂ ਵਰਤੇ ਜਾਂਦੇ ਸਨ? a) ਚਾਲਕੋਲਿਥਿਕ b) ਪੈਲੀਓਲਿਥਿਕ c) ਮਿਸੋਲਿਥਿਕ d) ਨਵ-ਪਾਥਿਕ
42	The battle of Plassey was fought by whom? a) William Bentinck b) Cornwallis c) Wellesley d) Robert Clive	ਪਲਾਸੀ ਦੀ ਲੜਾਈ ਕਿਸ ਦੁਆਰਾ ਲੜੀ ਗਈ ਸੀ? a) ਵਿਲੀਅਮ ਬੈਂਟਿੰਕ b) ਕਾਰਨਵਾਲਿਸ c) ਵੈਲਸਲੀ d) ਰਾਬਰਟ ਕਲਾਈਵ

RAR Civils - Punjab

Join RAR Civils - Punjab (Telegram , YT)

43	The Doctrine of Lapse was introduced by _______ a) William Bentinck b) Cornwallis c) Wellesley d) Dalhousie	ਲੈਪਸ ਦਾ ਸਿਧਾਂਤ ______ ਦੁਆਰਾ ਪੇਸ਼ ਕੀਤਾ ਗਿਆ ਸੀ a) ਵਿਲੀਅਮ ਬੈਂਟਿੰਕ b) ਕਾਰਨਵਾਲਿਸ c) ਵੈਲਸਲੀ d) ਡਲਹੌਜ਼ੀ
44	_________ became the basis of independence act a) Mountbatten Plan b) Radcliffe Plan c) Marshall Plan d) Cripps Mission	________ ਆਜ਼ਾਦੀ ਐਕਟ ਦਾ ਆਧਾਰ ਬਣਿਆ a) ਮਾਊਂਟਬੈਟਨ ਯੋਜਨਾ b) ਰੈੱਡਕਲਿਫ ਯੋਜਨਾ c) ਮਾਰਸ਼ਲ ਯੋਜਨਾ d) ਕ੍ਰਿਪਸ ਮਿਸ਼ਨ
45	Which issue within the Congress had developed tussle soon before launching of the Non- Cooperation movement? a) Khilafat b) Council elections c) Boycott of schools/titles d) Boycott of goods/services	ਅਸਹਿਯੋਗ ਅੰਦੋਲਨ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਪਹਿਲਾਂ ਕਾਂਗਰਸ ਦੇ ਅੰਦਰ ਕਿਹੜੇ ਮੁੱਦੇ 'ਤੇ ਵਿਰੋਧ ਹੋ ਗਿਆ ਸੀ? a) ਖਿਲਾਫ਼ਤ b) ਕੌਂਸਲ ਚੋਣਾਂ c) ਸਕੂਲਾਂ/ਖਿਤਾਬਾਂ(ਉਪਾਧੀਆਂ) ਦਾ ਬਾਈਕਾਟ d) ਵਸਤੂਆਂ/ਸੇਵਾਵਾਂ ਦਾ ਬਾਈਕਾਟ
46	Poona Pact (1932) was signed between Mahatma Gandhi and Dr. Ambedkar over the issue of _________ a) Reservations in education and employment b) Separate electorate c) Social upliftment through constructive programmes d) None of the above	ਮਹਾਤਮਾ ਗਾਂਧੀ ਅਤੇ ਡਾ. ਅੰਬੇਡਕਰ ਵਿਚਕਾਰ ਹੋਏ ਪੂਨਾ ਪੈਕਟ (1932) ਤਹਿਤ ______ ਮੁੱਦੇ 'ਤੇ ਹਸਤਾਖ਼ਰ ਹੋਏ ਸਨ a) ਸਿੱਖਿਆ ਅਤੇ ਰੁਜ਼ਗਾਰ ਵਿੱਚ ਰਾਖਵਾਂਕਰਨ b) ਵੱਖਰੀ ਚੋਣ ਪ੍ਰਣਾਲੀ c) ਉਸਾਰੂ ਪ੍ਰੋਗਰਾਮਾਂ ਰਾਹੀਂ ਸਮਾਜਿਕ ਉੱਨਤੀ d) ਉਪਰੋਕਤ ਵਿੱਚੋਂ ਕੋਈ ਨਹੀਂ
47	The Meerut Conspiracy case (1929- 33) was associated with _______. a) Indian Communists b) Nehru Report c) Ghadar Activist d) INA Trials	ਮੇਰਠ ਸਾਜ਼ਿਸ਼ ਕੇਸ (1929-33) _____ ਨਾਲ ਜੁੜਿਆ ਹੋਇਆ ਸੀ। a) ਭਾਰਤੀ ਕਮਿਊਨਿਸਟ b) ਨਹਿਰੂ ਰਿਪੋਰਟ c) ਗਦਰ ਕਾਰਕੁਨ d) ਆਈ.ਐਨ.ਏ ਮੁਕੱਦਮੇ
48	In medieval India, State owned lands were known as ________ a) Raiyati b) Khalisa c) Jabti d) Hasil	ਮੱਧਯੁਗੀ ਭਾਰਤ ਵਿੱਚ, ਸਰਕਾਰੀ ਮਾਲਕੀ ਵਾਲੀਆਂ ਜ਼ਮੀਨਾਂ ਨੂੰ _____ ਕਿਹਾ ਜਾਂਦਾ ਸੀ। a) ਰਈਅਤੀ b) ਖਲੀਸਾ c) ਜਬਤੀ d) ਹਾਸਿਲ
49	The Adi Granth was compiled by whom? a) Guru Nanak Dev ji b) Guru Arjun Dev ji c) Guru Hargobind ji d) Guru Tegh Bahadur ji	ਆਦਿ ਗ੍ਰੰਥ ਕਿਨ੍ਹਾਂ ਦੁਆਰਾ ਸੰਕਲਿਤ ਕੀਤਾ ਗਿਆ ਸੀ? a) ਗੁਰੂ ਨਾਨਕ ਦੇਵ ਜੀ b) ਗੁਰੂ ਅਰਜਨ ਦੇਵ ਜੀ c) ਗੁਰੂ ਹਰਗੋਬਿੰਦ ਸਾਹਿਬ ਜੀ d) ਗੁਰੂ ਤੇਗ ਬਹਾਦਰ ਜੀ

RAR Civils - Punjab

Join RAR Civils - Punjab (Telegram , YT)

50	Who wrote *Hind Swaraj*? a) Gopal Krishna Gokhale b) Bal Gangadhar Tilak c) Mohandas Karamchand Gandhi d) Jawaharlal Nehru	*ਹਿੰਦ ਸਵਰਾਜ* ਦਾ ਰਚਨਾਕਾਰ ਕੌਣ ਸੀ? a) ਗੋਪਾਲ ਕ੍ਰਿਸ਼ਨ ਗੋਖਲੇ b) ਬਾਲ ਗੰਗਾਧਰ ਤਿਲਕ c) ਮੋਹਨਦਾਸ ਕਰਮਚੰਦ ਗਾਂਧੀ d) ਜਵਾਹਰ ਲਾਲ ਨਹਿਰੂ
51	The area of the biosphere which is a strictly protected zone and contributes to the conservation of landscapes, ecosystems, species and genetic variation is known as: a) Transition zone b) Buffer zone c) Core zone d) Principal zone	ਬਾਇਓਸਫੀਅਰ ਦਾ ਉਹ ਖੇਤਰ ਜੋ ਪੂਰੀ ਤਰ੍ਹਾਂ ਸੁਰੱਖਿਅਤ ਜ਼ੋਨ ਹੈ ਅਤੇ ਲੈਂਡਸਕੇਪ, ਈਕੋਸਿਸਟਮ, ਪ੍ਰਜਾਤੀਆਂ ਅਤੇ ਅਨੁਵੰਸ਼ਿਕ ਵਿਭਿੰਨਤਾ ਦੀ ਸੰਭਾਲ ਵਿੱਚ ਯੋਗਦਾਨ ਪਾਉਂਦਾ ਹੈ, ਨੂੰ ਕੀ ਕਿਹਾ ਜਾਂਦਾ ਹੈ? a) ਟ੍ਰਾਂਜ਼ੀਸ਼ਨ ਜ਼ੋਨ b) ਬਫਰ ਜ਼ੋਨ c) ਕੋਰ ਜ਼ੋਨ d) ਪ੍ਰਿੰਸੀਪਲ ਜ਼ੋਨ
52	Vikramshila Gangetic Dolphin Sanctuary is located in the state of: a) West Bengal b) Bihar c) Assam d) Uttar Pradesh	ਵਿਕਰਮਸ਼ੀਲਾ ਗੰਗਾ ਡੌਲਫਿਨ ਸੈਂਕਚੂਰੀ _____ ਰਾਜ ਵਿੱਚ ਸਥਿਤ ਹੈ। a) ਪੱਛਮੀ ਬੰਗਾਲ b) ਬਿਹਾਰ c) ਅਸਾਮ d) ਉੱਤਰ ਪ੍ਰਦੇਸ਼
53	The phenomenon of Sun-avoiding leaf movement is referred to as: a) Heliotropism b) Paraheliotropism c) Neoheliotropism d) Phototropism	ਸੂਰਜ ਤੋਂ ਬਚਣ ਵਾਲੇ ਪੱਤਿਆਂ ਦੀ ਗਤੀ ਦੇ ਵਰਤਾਰੇ ਨੂੰ _____ ਕਿਹਾ ਜਾਂਦਾ ਹੈ। a) ਹੀਲੀਓਟ੍ਰੋਪਿਜ਼ਮ (Heliotropism) b) ਪੈਰਾਹੀਲੀਓਟ੍ਰੋਪਿਜ਼ਮ (Paraheliotropism) c) ਨੀਓਹੀਲੀਓਟ੍ਰੋਪਿਜ਼ਮ (Neoheliotropism) d) ਫੋਟੋਟ੍ਰੋਪਿਜ਼ਮ (Phototropism)
54	What are the important reasons for maintaining biodiversity? a) Direct and indirect economic benefits b) Ethical reasons c) Aesthetic reasons d) All of the above	ਜੈਵਿਕ ਵਿਭਿੰਨਤਾ ਨੂੰ ਬਣਾਈ ਰੱਖਣ ਦੇ ਮਹੱਤਵਪੂਰਨ ਕਾਰਨ ਕੀ ਹਨ? a) ਸਿੱਧੇ ਅਤੇ ਅਸਿੱਧੇ ਆਰਥਿਕ ਲਾਭ b) ਨੈਤਿਕ ਕਾਰਨ c) ਸੁਹਜ ਕਾਰਨ d) ਉਪਰੋਕਤ ਸਾਰੇ
55	Which one of these is an example of in-situ conservation? a) National parks b) Botanic gardens c) Wildlife research facilities d) Zoological gardens	ਇਹਨਾਂ ਵਿੱਚੋਂ ਕਿਹੜਾ ਇਨ-ਸੀਟੂ ਸੰਭਾਲ ਦੀ ਇੱਕ ਉਦਾਹਰਣ ਹੈ? a) ਰਾਸ਼ਟਰੀ ਪਾਰਕ b) ਬਨਸਪਤੀ ਬਾਗ c) ਜੰਗਲੀ ਜੀਵ ਖੋਜ ਸਹੂਲਤਾਂ d) ਚਿੜੀਆਘਰ ਬਾਗ
56	The practice of growing plants in a fertilized water solution on a completely artificial substrate in an artificial environment such as green house is called as ______ a) Hydroponics b) Liquidponics c) Flowponics d) Streamponics	ਗ੍ਰੀਨ ਹਾਊਸ ਵਰਗੇ ਨਕਲੀ ਵਾਤਾਵਰਣ ਵਿੱਚ ਪੂਰੀ ਤਰ੍ਹਾਂ ਨਕਲੀ ਸਬਸਟਰੇਟ 'ਤੇ ਉਪਜਾਊ ਪਾਣੀ ਦੇ ਘੋਲ ਵਿੱਚ ਪੌਦੇ ਉਗਾਉਣ ਦੇ ਅਭਿਆਸ ਨੂੰ ____ ਕਿਹਾ ਜਾਂਦਾ ਹੈ। a) ਹਾਈਡ੍ਰੋਪੋਨਿਕਸ b) ਤਰਲਪੋਨਿਕਸ c) ਫਲੋਪੋਨਿਕਸ d) ਸਟ੍ਰੀਮਪੋਨਿਕਸ

RAR Civils - Punjab

Join RAR Civils - Punjab (Telegram , YT)

57	What kind of a relationship do corals and algae have? a) Ammensalism b) Commensalism c) Mutualism d) Parasitism	ਕੋਰਲ ਅਤੇ ਐਲਗੀ ਦਾ ਕਿਸ ਤਰ੍ਹਾਂ ਦਾ ਰਿਸ਼ਤਾ ਹੈ? a) ਅਮੇਨਸਲਿਜ਼ਮ b) ਕਮੈਂਸਲਿਜ਼ਮ c) ਆਪਸੀਵਾਦ d) ਪਰਜੀਵੀਵਾਦ
58	The 'Shola grasslands' occur commonly as patches on hill slopes of ________. a) the Rajasthan deserts b) the Aravalli ranges of Delhi c) the Western Ghats and the Anaimalai ranges d) the banks of the Ganga	'ਸ਼ੋਲਾ ਘਾਹ ਦੇ ਮੈਦਾਨ' ਆਮ ਤੌਰ 'ਤੇ ______ ਪਹਾੜੀ ਢਲਾਣਾਂ 'ਤੇ ਪੈਚਾਂ ਦੇ ਰੂਪ ਵਿੱਚ ਮਿਲਦੇ ਹਨ। a) ਰਾਜਸਥਾਨੀ ਮਾਰੂਥਲ b) ਦਿੱਲੀ ਦੀਆਂ ਅਰਾਵਲੀ ਪਹਾੜੀਆਂ c) ਪੱਛਮੀ ਘਾਟ ਅਤੇ ਅਨਾਮਲਾਈ ਪਹਾੜੀਆਂ d) ਗੰਗਾ ਨਦੀ ਦੇ ਕਿਨਾਰੇ
59	Who among the following was associated with Chipko movement? a) Sundarlal Bahuguna b) Rajendra singh c) Aruna Devi d) Raja Ram Mohan Roy	ਇਹਨਾਂ ਵਿੱਚੋਂ ਕੌਣ ਚਿਪਕੋ ਅੰਦੋਲਨ ਨਾਲ ਜੁੜੇ ਹੋਏ ਸਨ? a) ਸੁੰਦਰਲਾਲ ਬਹੁਗੁਣਾ b) ਰਾਜੇਂਦਰ ਸਿੰਘ c) ਅਰੁਣਾ ਦੇਵੀ d) ਰਾਜਾ ਰਾਮ ਮੋਹਨ ਰੌਏ
60	*Our Common Future* was published in 1987 by the United Nations through Oxford University Press. The publication is also known as ________. a) Copeland report b) Global Environment Outlook c) Wegman report d) Brundtland report	*ਸਾਡਾ ਸਾਂਝਾ ਭਵਿੱਖ*, 1987 ਵਿੱਚ, ਸੰਯੁਕਤ ਰਾਸ਼ਟਰ ਦੁਆਰਾ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਰਾਹੀਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪ੍ਰਕਾਸ਼ਨ ਨੂੰ ______ ਵਜੋਂ ਵੀ ਜਾਣਿਆ ਜਾਂਦਾ ਹੈ। a) ਕੋਪਲੈਂਡ ਰਿਪੋਰਟ b) ਗਲੋਬਲ ਵਾਤਾਵਰਣ ਦ੍ਰਿਸ਼ਟੀਕੋਣ c) ਵੇਗਮੈਨ ਰਿਪੋਰਟ d) ਬਰੰਟਲੈਂਡ ਰਿਪੋਰਟ
61	Guru Gobind Singh Ji named whom as Banda Bahadur? a) Bhai Jaita b) Deep Singh c) Madho Das d) Hari Singh	ਗੁਰੂ ਗੋਬਿੰਦ ਸਿੰਘ ਜੀ ਨੇ ਕਿਸਨੂੰ ਬੰਦਾ ਬਹਾਦਰ ਕਿਹਾ? a) ਭਾਈ ਜੈਤਾ b) ਦੀਪ ਸਿੰਘ c) ਮਾਧੋ ਦਾਸ d) ਹਰੀ ਸਿੰਘ
62	From whom among the following, Maharaja Ranjit Singh acquired the famous Koh-i-Noor diamond? a) Zaman Shah b) Shah Shuja c) Dost Mohammad d) Sher Ali	ਮਹਾਰਾਜਾ ਰਣਜੀਤ ਸਿੰਘ ਨੇ ਇਹਨਾਂ ਵਿੱਚੋਂ ਕਿਸ ਤੋਂ ਮਸ਼ਹੂਰ ਕੋਹ-ਏ-ਨੂਰ ਹੀਰਾ ਪ੍ਰਾਪਤ ਕੀਤਾ? a) ਜ਼ਮਾਨ ਸ਼ਾਹ b) ਸ਼ਾਹ ਸ਼ੁਜਾ c) ਦੋਸਤ ਮੁਹੰਮਦ d) ਸ਼ੇਰ ਅਲੀ
63	The 'Bachitra Natak' is an autobiography of which of the following Gurus? a) Guru Tegh Bahadur Ji b) Guru Angad dev Ji c) Guru Arjan Dev Ji d) Guru Gobind Singh Ji	'ਬਚਿਤ੍ਰ ਨਾਟਕ' ਹੇਠ ਲਿਖੇ ਗੁਰੂਆਂ ਵਿੱਚੋਂ ਕਿਨ੍ਹਾਂ ਦੀ ਸਵੈ-ਜੀਵਨੀ ਹੈ? a) ਗੁਰੂ ਤੇਗ ਬਹਾਦਰ ਜੀ b) ਗੁਰੂ ਅੰਗਦ ਦੇਵ ਜੀ c) ਗੁਰੂ ਅਰਜਨ ਦੇਵ ਜੀ d) ਗੁਰੂ ਗੋਬਿੰਦ ਸਿੰਘ ਜੀ

RAR Civils - Punjab

Join RAR Civils - Punjab (Telegram , YT)

64	B.R. Dutt and Bhagat Singh threw a bomb in the Panjab Legislative Assembly in April 1929. Which, among the following was their primary objective? a) To Protest against the passage of the Public Safety Bill which would curb the civil liberties b) To protest against Jallianwala Bagh Massacre c) To destroy the Legislative Assembly d) Against the Rowlatt Act	ਬੀ.ਆਰ. ਦੱਤ ਅਤੇ ਭਗਤ ਸਿੰਘ ਨੇ ਅਪ੍ਰੈਲ 1929 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਬੰਬ ਸੁੱਟਿਆ। ਇਹਨਾਂ ਵਿੱਚੋਂ ਕਿਹੜਾ ਉਨ੍ਹਾਂ ਦਾ ਮੁੱਖ ਉਦੇਸ਼ ਸੀ? a) ਜਨਤਕ ਆਜ਼ਾਦੀਆਂ ਨੂੰ ਰੋਕਣ ਵਾਲੇ ਜਨਤਕ ਸੁਰੱਖਿਆ ਬਿੱਲ ਦੇ ਪਾਸ ਹੋਣ ਦਾ ਵਿਰੋਧ ਕਰਨਾ। b) ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਵਿਰੋਧ ਕਰਨਾ c) ਵਿਧਾਨ ਸਭਾ ਨੂੰ ਤਬਾਹ ਕਰਨਾ d) ਰੋਲੇਟ ਐਕਟ ਦੇ ਵਿਰੁੱਧ
65	Where was the headquarter of the Ghadar movement? a) Amritsar b) Tokyo c) San Francisco d) Ferozepur	ਗ਼ਦਰ ਲਹਿਰ ਦਾ ਮੁੱਖ ਦਫਤਰ ਕਿੱਥੇ ਸੀ? a) ਅੰਮ੍ਰਿਤਸਰ b) ਟੋਕੀਓ c) ਸੈਨ ਫਰਾਂਸਿਸਕੋ d) ਫਿਰੋਜ਼ਪੁਰ
66	Which of the following is ***not*** written by Khushwant Singh? a) The History of the Sikhs b) The Fall of the Kingdom of the Punjab c) The Wonder that was India d) Women and Men in My Life	ਇਹਨਾਂ ਵਿੱਚੋਂ ਕਿਹੜੀ ਪੁਸਤਕ ਖੁਸ਼ਵੰਤ ਸਿੰਘ ਦੁਆਰਾ ***ਨਹੀਂ*** ਲਿਖੀ ਗਈ? a) ਸਿੱਖਾਂ ਦਾ ਇਤਿਹਾਸ b) ਪੰਜਾਬ ਦੇ ਰਾਜ ਦਾ ਪਤਨ c) ਉਹ ਅਜੂਬਾ ਜੋ ਭਾਰਤ ਸੀ d) ਮੇਰੀ ਜ਼ਿੰਦਗੀ ਵਿੱਚ ਔਰਤਾਂ ਅਤੇ ਮਰਦ
67	Who Founded the English newspaper 'The Tribune'? a) Lala Hans Raj b) Dyal Singh Majithia c) Hari Narayan d) Lala Lajpat Rai	ਅੰਗਰੇਜ਼ੀ ਅਖ਼ਬਾਰ 'ਦ ਟ੍ਰਿਬਿਊਨ' ਦੀ ਸਥਾਪਨਾ ਕਿਸਨੇ ਕੀਤੀ ਸੀ? a) ਲਾਲਾ ਹੰਸ ਰਾਜ b) ਦਿਆਲ ਸਿੰਘ ਮਜੀਠੀਆ c) ਹਰੀ ਨਾਰਾਇਣ d) ਲਾਲਾ ਲਾਜਪਤ ਰਾਏ
68	The Bhakhra Dam is located across which river? a) Beas b) Sutlej c) Ravi d) Jhelum	ਭਾਖੜਾ ਡੈਮ ਕਿਸ ਨਦੀ 'ਤੇ ਸਥਿਤ ਹੈ? a) ਬਿਆਸ b) ਸਤਲੁਜ c) ਰਾਵੀ d) ਜੇਹਲਮ
69	Who were the two persons whose arrest caused gathering at Jallianwala Bagh in 1919? a) Lala Lajpat rai and Satyapal b) M.A.Ansari and Ajit Singh c) Saifudin Kitchlew and Satyapal d) Saifudin Kitchlew and M.A.Ansari	ਉਹ ਦੋ ਵਿਅਕਤੀ ਕੌਣ ਸਨ ਜਿਨ੍ਹਾਂ ਦੀ ਗ੍ਰਿਫ਼ਤਾਰੀ ਕਾਰਨ 1919 ਵਿੱਚ ਜਲ੍ਹਿਆਂਵਾਲਾ ਬਾਗ ਵਿੱਚ ਇਕੱਠ ਹੋਇਆ ਸੀ? a) ਲਾਲਾ ਲਾਜਪਤ ਰਾਏ ਅਤੇ ਸੱਤਿਯਪਾਲ b) ਐਮ.ਏ. ਅੰਸਾਰੀ ਅਤੇ ਅਜੀਤ ਸਿੰਘ c) ਸੈਫੁੱਦੀਨ ਕਿਚਲੂ ਅਤੇ ਸੱਤਿਯਪਾਲ d) ਸੈਫੁੱਦੀਨ ਕਿਚਲੂ ਅਤੇ ਐਮ.ਏ. ਅੰਸਾਰੀ
70	Who led the Kuka revolt? a) Kirpal Singh b) Ajit Singh c) Baba Ram Singh d) Gurnam Singh	ਕੂਕਾ ਵਿਦਰੋਹ ਦੀ ਅਗਵਾਈ ਕਿਸਨੇ ਕੀਤੀ? a) ਕਿਰਪਾਲ ਸਿੰਘ b) ਅਜੀਤ ਸਿੰਘ c) ਬਾਬਾ ਰਾਮ ਸਿੰਘ d) ਗੁਰਨਾਮ ਸਿੰਘ

RAR Civils - Punjab

Join RAR Civils - Punjab (Telegram , YT)

71	Active volcano in Andaman & Nicobar Islands is found in _______. a) Barren Island b) Little Andamans c) Havelock Island d) Baratang Island	ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਸਰਗਰਮ ਜਵਾਲਾਮੁਖੀ ______ ਵਿੱਚ ਪਾਇਆ ਜਾਂਦਾ ਹੈ। a) ਬੈਰਨ ਟਾਪੂ b) ਛੋਟਾ ਅੰਡੇਮਾਨ c) ਹੈਵਲੌਕ ਟਾਪੂ d) ਬਾਰਾਤੰਗ ਟਾਪੂ
72	Which one of the following was the capital city of the erstwhile PEPSU state? a) Kapurthala b) Amritsar c) Patiala d) Faridkot	ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸ਼ਹਿਰ ਪੁਰਾਣੇ ਪੈਪਸੂ ਰਾਜ ਦੀ ਰਾਜਧਾਨੀ ਸੀ? a) ਕਪੂਰਥਲਾ b) ਅੰਮ੍ਰਿਤਸਰ c) ਪਟਿਆਲਾ d) ਫਰੀਦਕੋਟ
73	Who is Dr. Prabha Atre? a) Hindustani Classical Musician b) Kathak Dancer c) Cardiologist d) Journalist	ਡਾ. ਪ੍ਰਭਾ ਅਤਰੇ ਕੌਣ ਹਨ? a) ਹਿੰਦੁਸਤਾਨੀ ਸ਼ਾਸਤਰੀ ਸੰਗੀਤਕਾਰ b) ਕਥੱਕ ਡਾਂਸਰ c) ਦਿਲ ਦੇ ਰੋਗਾਂ ਦੇ ਮਾਹਰ d) ਪੱਤਰਕਾਰ
74	Which one of the following is ***not*** correct about Dr. Arvind Panagariya? a) He is the Chairman of the 16th Finance Commission b) He was the first Chairperson of the NITI Aayog between 2015 and 2017 c) Chancellor of Nalanda University, Bihar d) He is a Padma Bhushan awardee	ਡਾ. ਅਰਵਿੰਦ ਪਨਾਗਰੀਆ ਬਾਰੇ ਇਹਨਾਂ ਵਿੱਚੋਂ ਕਿਹੜਾ ਵਿਕਲਪ ਸਹੀ ***ਨਹੀਂ*** ਹੈ? a) ਉਹ 16ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਹਨ b) ਉਹ 2015 ਅਤੇ 2017 ਦੇ ਵਿਚਕਾਰ ਨੀਤੀ ਆਯੋਗ ਦੇ ਪਹਿਲੇ ਚੇਅਰਪਰਸਨ ਸਨ c) ਨਾਲੰਦਾ ਯੂਨੀਵਰਸਿਟੀ, ਬਿਹਾਰ ਦੇ ਚਾਂਸਲਰ d) ਉਹ ਪਦਮ ਭੂਸ਼ਣ ਪੁਰਸਕਾਰ ਜੇਤੂ ਹਨ
75	In which State of India is the Chandubi Festival celebrated along the Chandubi Lake? a) Assam b) Manipur c) Sikkim d) Nagaland	ਭਾਰਤ ਦੇ ਕਿਸ ਰਾਜ ਵਿੱਚ ਚੰਦੂਬੀ ਝੀਲ ਦੇ ਕੰਢੇ ਚੰਦੂਬੀ ਤਿਉਹਾਰ ਮਨਾਇਆ ਜਾਂਦਾ ਹੈ? a) ਅਸਾਮ b) ਮਨੀਪੁਰ c) ਸਿੱਕਮ d) ਨਾਗਾਲੈਂਡ
76	In MUDRA yojana, what does MUDRA stand for? a) Micro Units Development and Refinance Agency b) Mini Units Development and Refinance Agency c) Micro Units Development and Redevelopment Agency d) Mini Units Development and Redevelopment Agency	ਮੁਦਰਾ (MUDRA) ਯੋਜਨਾ ਵਿੱਚ, ਮੁਦਰਾ (MUDRA) ਤੋਂ ਕੀ ਭਾਵ ਹੈ? a) ਸੂਖਮ ਇਕਾਈਆਂ ਵਿਕਾਸ ਅਤੇ ਪੁਨਰਵਿੱਤ ਏਜੰਸੀ b) ਮਿੰਨੀ ਇਕਾਈਆਂ ਵਿਕਾਸ ਅਤੇ ਪੁਨਰਵਿੱਤ ਏਜੰਸੀ c) ਸੂਖਮ ਇਕਾਈਆਂ ਵਿਕਾਸ ਅਤੇ ਪੁਨਰਵਿਕਾਸ ਏਜੰਸੀ d) ਮਿੰਨੀ ਇਕਾਈਆਂ ਵਿਕਾਸ ਅਤੇ ਪੁਨਰਵਿਕਾਸ ਏਜੰਸੀ
77	Which one of the following committees dealt with reforms in Railways? a) Bibek Debroy committee b) Rangarajan Committee c) Justice Lodha Committee d) Tendulkar Committee	ਹੇਠ ਲਿਖੀਆਂ ਵਿੱਚੋਂ ਕਿਹੜੀ ਕਮੇਟੀ ਰੇਲਵੇ ਵਿੱਚ ਸੁਧਾਰਾਂ ਨਾਲ ਸਬੰਧਤ ਸੀ? a) ਬਿਬੇਕ ਦੇਬਰੌਏ ਕਮੇਟੀ b) ਰੰਗਰਾਜਨ ਕਮੇਟੀ c) ਜਸਟਿਸ ਲੋਢ੍ਹਾ ਕਮੇਟੀ d) ਤੇਂਦੁਲਕਰ ਕਮੇਟੀ

RAR Civils - Punjab

Join RAR Civils - Punjab (Telegram , YT)

78	Which one of the following is correct about 'silicosis'? a) A lung disease b) A disease caused by a virus c) It is a silicone implant d) All of the above	'ਸਿਲੀਕੋਸਿਸ' ਬਾਰੇ ਇਹਨਾਂ ਵਿੱਚੋਂ ਕਿਹੜਾ ਵਿਕਲਪ ਸਹੀ ਹੈ? a) ਫੇਫੜਿਆਂ ਦੀ ਬਿਮਾਰੀ b) ਵਾਇਰਸ ਕਾਰਨ ਹੋਣ ਵਾਲੀ ਬਿਮਾਰੀ c) ਇਹ ਇੱਕ ਸਿਲੀਕੋਨ ਇਮਪਲਾਂਟ ਹੈ d) ਉਪਰੋਕਤ ਸਾਰੇ
79	In the honour of which educationist, the National Education Day is celebrated? a) A.P.J. Abdul Kalam b) Maulana Abul Kalam Azad c) Dr. Zakir Hussain d) Savitribai Phule	ਕਿਸ ਸਿੱਖਿਆ ਸ਼ਾਸਤਰੀ ਦੇ ਸਨਮਾਨ ਵਿੱਚ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਜਾਂਦਾ ਹੈ? a) ਏ.ਪੀ.ਜੇ. ਅਬਦੁਲ ਕਲਾਮ b) ਮੌਲਾਨਾ ਅਬੁਲ ਕਲਾਮ ਆਜ਼ਾਦ c) ਡਾ. ਜ਼ਾਕਿਰ ਹੁਸੈਨ d) ਸਾਵਿਤ੍ਰੀਬਾਈ ਫੂਲੇ
80	Kamakhya temple, one of the Shaktipeeths, is in which state of India? a) West Bengal b) Tripura c) Odisha d) Assam	ਸ਼ਕਤੀਪੀਠਾਂ ਵਿੱਚੋਂ ਕਾਮਾਖਿਆ ਮੰਦਰ ਭਾਰਤ ਦੇ ਕਿਹੜੇ ਰਾਜ ਵਿੱਚ ਹੈ? a) ਪੱਛਮੀ ਬੰਗਾਲ b) ਤ੍ਰਿਪੁਰਾ c) ਓਡੀਸ਼ਾ d) ਅਸਾਮ
81	If ACRE is coded as 2563, CARDS is coded as 52614 and COARSE is coded as 572643, what will be the code for DECORS ? a) 137546 b) 467531 c) 135764 d) 157642	ਜੇਕਰ ACRE ਨੂੰ 2563, CARDS ਨੂੰ 52614 ਅਤੇ COARSE ਨੂੰ 572643 ਕੋਡ ਕੀਤਾ ਗਿਆ ਹੈ, ਤਾਂ DECORS ਲਈ ਕੋਡ ਕੀ ਹੋਵੇਗਾ? a) 137546 b) 467531 c) 135764 d) 157642
82	A batsman scored 150 runs which included 3 boundaries and 8 sixes. What percent of his total score did he make by running between the wickets? a) 55% b) 45% c) 60% d) 35%	ਇੱਕ ਬੱਲੇਬਾਜ਼ ਨੇ 150 ਦੌੜਾਂ ਬਣਾਈਆਂ ਜਿਸ ਵਿੱਚ 3 ਚੌਕੇ ਅਤੇ 8 ਛੱਕੇ ਸ਼ਾਮਲ ਸਨ। ਉਸਨੇ ਆਪਣੇ ਕੁੱਲ ਸਕੋਰ ਦੀਆਂ ਕਿੰਨੀ ਪ੍ਰਤੀਸ਼ਤ ਦੌੜਾਂ ਭੱਜ ਕੇ ਬਣਾਈਆਂ? a) 55% b) 45% c) 60% d) 35%
83	If the average of 30 numbers is zero, how many numbers may be greater than zero? a) 25 b) 39 c) 49 d) 29	ਜੇਕਰ 30 ਸੰਖਿਆਵਾਂ ਦਾ ਔਸਤ ਜ਼ੀਰੋ ਹੈ, ਤਾਂ ਕਿੰਨੀਆਂ ਸੰਖਿਆਵਾਂ ਜ਼ੀਰੋ ਤੋਂ ਵੱਡੀਆਂ ਹੋ ਸਕਦੀਆਂ ਹਨ? a) 25 b) 39 c) 49 d) 29
84	Introducing a man, Aman said, "His wife is the only daughter of my wife." How is Aman related to that man? a) Father-in-law b) Father c) Grandfather d) Son	ਇੱਕ ਬੰਦੇ ਨਾਲ ਜਾਣ ਪਹਿਚਾਣ ਕਰਵਾਉਂਦੇ ਹੋਏ ਅਮਨ ਨੇ ਕਿਹਾ, "ਇਸ ਦੀ ਪਤਨੀ ਮੇਰੀ ਘਰਵਾਲੀ ਦੀ ਇਕਲੌਤੀ ਪੁੱਤਰੀ ਹੈ।" ਅਮਨ ਦਾ ਉਸ ਵਿਅਕਤੀ ਨਾਲ ਕੀ ਰਿਸ਼ਤਾ ਹੈ? a) ਸਹੁਰਾ b) ਪਿਤਾ c) ਨਾਨਾ d) ਪੁੱਤਰ
85	Four pairs of words have been given below, out of which three are alike in a certain manner, while one is different. Which one is the different word? a) Kennel b) House c) Stable d) Cage	ਹੇਠਾਂ ਚਾਰ ਜੋੜੇ ਸ਼ਬਦ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਨਾਲ ਇੱਕੋ ਜਿਹੇ ਹਨ, ਜਦੋਂ ਕਿ ਇੱਕ ਵੱਖਰਾ ਹੈ। ਕਿਹੜਾ ਵੱਖਰਾ ਸ਼ਬਦ ਹੈ? a) ਕੇਨਲ b) ਘਰ c) ਤਬੇਲਾ d) ਪਿੰਜਰਾ

RAR Civils - Punjab

Join RAR Civils - Punjab (Telegram , YT)

86	The compound interest on an amount for two years at 5% p.a. compounded annually is Rs. 205. The simple interest is ________. a) 240 b) 235 c) 225 d) 200	ਦੋ ਸਾਲਾਂ ਲਈ 5% ਸਾਲਾਨਾ ਦਰ ਨਾਲ ਰਕਮ 'ਤੇ ਮਿਸ਼ਰਿਤ ਵਿਆਜ 205 ਰੁਪਏ ਹੈ। ਸਧਾਰਨ ਵਿਆਜ ________ ਹੈ। a) 240 b) 235 c) 225 d) 200
	Direction (87 to 91): The bar graph given below shows the sales of bikes (in thousands) from six branches of a manufacturing company during two consecutive years 2000 and 2001.  	**ਦਿਸ਼ਾ ਨਿਰਦੇਸ਼ (87 ਤੋਂ 91):** ਹੇਠਾਂ ਦਿੱਤਾ ਗਿਆ ਬਾਰ ਗ੍ਰਾਫ਼ 2000 ਅਤੇ 2001 ਵਿੱਚ ਲਗਾਤਾਰ ਦੋ ਸਾਲਾਂ ਦੌਰਾਨ ਇੱਕ ਨਿਰਮਾਣ ਕੰਪਨੀ ਦੀਆਂ ਛੇ ਸ਼ਾਖਾਵਾਂ ਤੋਂ ਸਾਈਕਲਾਂ ਦੀ ਵਿਕਰੀ (ਹਜ਼ਾਰਾਂ ਵਿੱਚ) ਦਰਸਾਉਂਦਾ ਹੈ। 
87	What is the ratio of the total sales of branch B2 for both years to the total sales of branch B4 for both years? a) 3:5 b) 7:9 c) 2:3 d) 4:5	ਦੋਵਾਂ ਸਾਲਾਂ ਲਈ ਸ਼ਾਖਾ B2 ਦੀ ਕੁੱਲ ਵਿਕਰੀ ਅਤੇ ਦੋਵਾਂ ਸਾਲਾਂ ਲਈ ਸ਼ਾਖਾ B4 ਦੀ ਕੁੱਲ ਵਿਕਰੀ ਦਾ ਅਨੁਪਾਤ ਕੀ ਹੈ? a) 3:5 b) 7:9 c) 2:3 d) 4:5
88	Total sales of branch B6 for both the years is what percent of the total sales of branches B3 for both the years? a) 71.11% b) 68.54% c) 75.55% d) 73.17%	ਦੋਵਾਂ ਸਾਲਾਂ ਲਈ ਸ਼ਾਖਾ B6 ਦੀ ਕੁੱਲ ਵਿਕਰੀ ਦੋਵਾਂ ਸਾਲਾਂ ਲਈ ਸ਼ਾਖਾ B3 ਦੀ ਕੁੱਲ ਵਿਕਰੀ ਦਾ ਕਿੰਨਾ ਪ੍ਰਤੀਸ਼ਤ ਹੈ? a) 71.11% b) 68.54% c) 75.55% d) 73.17%
89	What percent of the average sales of branches B1, B2 and B3 in 2001 is the average sales of branches B1, B3 and B6 in 2000? a) 87.5% b) 82.5% c) 75% d) 77.5%	2001 ਵਿੱਚ ਸ਼ਾਖਾਵਾਂ B1, B2 ਅਤੇ B3 ਦੀ ਔਸਤ ਵਿਕਰੀ ਦਾ ਕਿੰਨਾ ਪ੍ਰਤੀਸ਼ਤ 2000 ਵਿੱਚ ਸ਼ਾਖਾਵਾਂ B1, B3 ਅਤੇ B6 ਦੀ ਔਸਤ ਵਿਕਰੀ ਹੈ? a) 87.5% b) 82.5% c) 75% d) 77.5%
90	What is the average sales of all the branches (in thousands) for the year 2000? a) 88 b) 83 c) 80 d) 73	ਸਾਲ 2000 ਲਈ ਸਾਰੀਆਂ ਸ਼ਾਖਾਵਾਂ ਦੀ ਔਸਤ ਵਿਕਰੀ (ਹਜ਼ਾਰਾਂ ਵਿੱਚ) ਕਿੰਨੀ ਹੈ? a) 88 b) 83 c) 80 d) 73

RAR Civils - Punjab

Join RAR Civils - Punjab (Telegram , YT)

91	Total sales of branches B1, B3 and B5 together for both the years (in thousands) is? a) 560 b) 435 c) 310 d) 250	ਦੋਵਾਂ ਸਾਲਾਂ ਲਈ ਸ਼ਾਖਾਵਾਂ B1, B3 ਅਤੇ B5 ਦੀ ਕੁੱਲ ਵਿਕਰੀ (ਹਜ਼ਾਰਾਂ ਵਿੱਚ) ਕਿੰਨੀ ਹੈ? a) 560 b) 435 c) 310 d) 250
92	$\sqrt{729} + \sqrt{72.9} + \sqrt{7.29} = ?$ a) 40.5 b) 45.6 c) 33.5 d) 38.23	$\sqrt{729} + \sqrt{72.9} + \sqrt{7.29} = ?$ a) 40.5 b) 45.6 c) 33.5 d) 38.23
93	What will be the quotient when 2143 is divided by 38? a) 56 b) 55 c) 57 d) 54	ਜਦੋਂ 2143 ਨੂੰ 38 ਨਾਲ ਭਾਗ ਕੀਤਾ ਜਾਂਦਾ ਹੈ ਤਾਂ ਭਾਗਫਲ ਕੀ ਹੋਵੇਗਾ? a) 56 b) 55 c) 57 d) 54
94	Ram Purchased an item at Rs. 3200 after getting 2 successive discounts of 20%. How much more he would have saved had he got a flat discount of 40% ? a) 100 b) 200 c) 600 d) 500	ਰਾਮ ਨੇ 20% ਦੀਆਂ ਲਗਾਤਾਰ 2 ਛੋਟਾਂ ਪ੍ਰਾਪਤ ਕਰਨ ਤੋਂ ਬਾਅਦ 3200 ਰੁਪਏ ਵਿੱਚ ਇੱਕ ਚੀਜ਼ ਖਰੀਦੀ। ਜੇਕਰ ਉਸਨੂੰ 40% ਦੀ ਫਲੈਟ ਛੋਟ ਮਿਲਦੀ ਤਾਂ ਉਹ ਹੋਰ ਕਿੰਨੀ ਬਚਤ ਕਰ ਸਕਦਾ ਸੀ? a) 100 b) 200 c) 600 d) 500
95	Two labourers A and B are paid a total of Rs. 1120 per day. If A is paid 180% of what B is paid, how much in Rs. is paid to B? a) 400 b) 720 c) 500 d) 620	ਦੋ ਮਜ਼ਦੂਰ A ਅਤੇ B ਨੂੰ ਕੁੱਲ 1120 ਰੁਪਏ ਪ੍ਰਤੀ ਦਿਨ ਦਿੱਤੇ ਜਾਂਦੇ ਹਨ। ਜੇਕਰ A ਨੂੰ B ਦੀ ਤਨਖਾਹ ਦਾ 180% ਦਿੱਤਾ ਜਾਂਦਾ ਹੈ, ਤਾਂ B ਨੂੰ ਕਿੰਨੇ ਰੁਪਏ ਦਿੱਤੇ ਜਾਂਦੇ ਹਨ? a) 400 b) 720 c) 500 d) 620
96	28.314-31.427+113.928= ? + 29.114 a) 81.711 b) 80.701 c) 71.711 d) 81.701	28.314-31.427+113.928= ? + 29.114 a) 81.711 b) 80.701 c) 71.711 d) 81.701
97	Consider the following figure: A person goes from A to B, always moving to the right or downwards along the lines. How many different routes can he adopt? a) 4 b) 5 c) 6 d) 7	ਹੇਠ ਦਿੱਤੀ ਤਸਵੀਰ 'ਤੇ ਗੌਰ ਕਰੋ: ਇੱਕ ਵਿਅਕਤੀ A ਤੋਂ B ਤੱਕ ਜਾਂਦਾ ਹੈ ਅਤੇ ਹਮੇਸ਼ਾ ਸੱਜੇ ਜਾਂ ਹੇਠਾਂ ਵੱਲ ਰੇਖਾਵਾਂ ਦੇ ਨਾਲ ਜਾਂਦਾ ਹੈ। ਉਹ ਕਿੰਨੇ ਵੱਖ-ਵੱਖ ਰਸਤੇ ਅਪਣਾ ਸਕਦਾ ਹੈ? a) 4 b) 5 c) 6 d) 7

RAR Civils - Punjab

 Join RAR Civils - Punjab (Telegram , YT)

98	In the series POQ, SRT, VUW, ____________, the blank space refers to? a) XYZ b) XZY c) YXZ d) YZY	POQ, SRT, VUW, ___________ ਲੜੀ ਵਿੱਚ, ਖਾਲੀ ਥਾਂ ਦਾ ਹਵਾਲਾ ਕੀ ਹੈ? a) XYZ b) XZY c) YXZ d) YZY
99	On another planet, the local terminology for earth, water, light, air and sky are 'sky, 'light', 'air', 'water' and 'earth' respectively. If someone is thirsty there, what would he drink? a) Sky b) Water c) Air d) Light	ਕਿਸੇ ਹੋਰ ਗ੍ਰਹਿ 'ਤੇ, ਧਰਤੀ, ਪਾਣੀ, ਰੌਸ਼ਨੀ, ਹਵਾ ਅਤੇ ਅਸਮਾਨ ਲਈ ਸਥਾਨਕ ਸ਼ਬਦਾਵਲੀ ਕ੍ਰਮਵਾਰ 'ਅਸਮਾਨ, 'ਰੋਸ਼ਨੀ', 'ਹਵਾ", 'ਪਾਣੀ' ਅਤੇ 'ਧਰਤੀ' ਹਨ। ਜੇਕਰ ਕੋਈ ਉੱਥੇ ਪਿਆਸਾ ਹੈ, ਤਾਂ ਉਹ ਕੀ ਪੀਵੇਗਾ? a) ਅਸਮਾਨ b) ਪਾਣੀ c) ਹਵਾ d) ਰੌਸ਼ਨੀ
100	If A= 4/5 of B and B= 5/2 of C , the ratio of A:C is______ a) 1:2 b) 2:1 c) 2:3 d) 1:1	ਜੇਕਰ A= B ਦਾ 4/5 ਅਤੇ B= C ਦਾ 5/2, ਤਾਂ A:C ਦਾ ਅਨੁਪਾਤ _____ ਹੈ। a) 1:2 b) 2:1 c) 2:3 d) 1:1
101	A and B jointly started a business. The investment of A is equal to seven times of the investment of B. Find the share of A (in Rs) in the annual profit of Rs.2,75,000. a) 2,40,625 b) 2,45,625 c) 2,42,365 d) 2,41,225	A ਅਤੇ B ਨੇ ਮਿਲ ਕੇ ਇੱਕ ਕਾਰੋਬਾਰ ਸ਼ੁਰੂ ਕੀਤਾ। A ਦਾ ਨਿਵੇਸ਼ B ਦੇ ਨਿਵੇਸ਼ ਦੇ ਸੱਤ ਗੁਣਾ ਦੇ ਬਰਾਬਰ ਹੈ। 2,75,000 ਰੁਪਏ ਦੇ ਸਾਲਾਨਾ ਲਾਭ ਵਿੱਚ A ਦਾ ਹਿੱਸਾ (ਰੁਪਏ ਵਿੱਚ) ਪਤਾ ਕਰੋ। a) 2,40,625 b) 2,45,625 c) 2,42,365 d) 2,41,225
102	Five friends P, Q, R, S, and T are sitting in a row. P is to the immediate right of T and immediate left of Q. S is to the immediate right of Q and not at any end. Who is in the middle? a) Q b) P c) T d) R	ਪੰਜ ਦੋਸਤ P, Q, R, S, ਅਤੇ T ਇੱਕ ਕਤਾਰ ਵਿੱਚ ਬੈਠੇ ਹਨ। P, T ਦੇ ਨਾਲ ਲੱਗਦੇ ਸੱਜੇ ਪਾਸੇ ਅਤੇ Q ਦੇ ਨਾਲ ਲੱਗਦੇ ਖੱਬੇ ਪਾਸੇ ਹੈ। S, Q ਦੇ ਸੱਜੇ ਪਾਸੇ ਹੈ ਅਤੇ ਕਿਸੇ ਵੀ ਸਿਰੇ 'ਤੇ ਨਹੀਂ ਹੈ। ਵਿਚਕਾਰ ਕੌਣ ਹੈ? a) Q b) P c) T d) R
103	Six boxes A, B, C, D, E, and F are stacked one above the other. A is above B, C is below F, D is above E, F is above A but below D. Which box is at the top? a) D b) F c) C d) A	ਛੇ ਡੱਬੇ A, B, C, D, E, ਅਤੇ F ਇੱਕ ਦੂਜੇ ਦੇ ਉੱਪਰ ਸਟੈਕ ਕੀਤੇ ਗਏ ਹਨ। A, B ਦੇ ਉੱਪਰ ਹੈ; C, F ਦੇ ਹੇਠਾਂ ਹੈ; D, E ਦੇ ਉੱਪਰ ਹੈ; F, A ਦੇ ਉੱਪਰ ਹੈ ਪਰ D ਦੇ ਹੇਠਾਂ ਹੈ। ਕਿਹੜਾ ਡੱਬਾ ਸਿਖਰ 'ਤੇ ਹੈ? a) D b) F c) C d) A

RAR Civils - Punjab

Join RAR Civils - Punjab (Telegram , YT)

104	A man is looking at a photograph of someone. His friend asks, "Who is it you are looking at?" He replies, "Brothers and sisters I have none, but that man's father is my father's son." Who is in the photograph? a) His son b) His father c) His nephew d) Himself	ਇੱਕ ਆਦਮੀ ਕਿਸੇ ਦੀ ਫੋਟੋ ਦੇਖ ਰਿਹਾ ਹੈ। ਉਸਦਾ ਦੋਸਤ ਪੁੱਛਦਾ ਹੈ, "ਤੁਸੀਂ ਕਿਸਨੂੰ ਦੇਖ ਰਹੇ ਹੋ?" ਉਹ ਜਵਾਬ ਦਿੰਦਾ ਹੈ, "ਮੇਰਾ ਭੈਣ ਭਰਾ ਕੋਈ ਨਹੀਂ ਹੈ, ਪਰ ਉਸ ਆਦਮੀ ਦਾ ਪਿਤਾ ਮੇਰੇ ਪਿਤਾ ਦਾ ਪੁੱਤਰ ਹੈ।" ਫੋਟੋ ਵਿੱਚ ਕੌਣ ਹੈ? a) ਉਸਦਾ ਪੁੱਤਰ b) ਉਸਦਾ ਪਿਤਾ c) ਉਸਦਾ ਭਤੀਜਾ d) ਉਹ ਖੁਦ
105	A clock shows 3:15. What is the angle between the hour and the minute hands? a) 7.5° b) 15° c) 30° d) 45°	ਇੱਕ ਘੜੀ 3:15 ਦਿਖਾਉਂਦੀ ਹੈ। ਘੜੀ ਦੀਆਂ ਘੰਟੇ ਅਤੇ ਮਿੰਟਾਂ ਵਾਲੀਆਂ ਸੂਈਆਂ ਵਿਚਕਾਰ ਕਿੰਨਾ ਕੋਣ ਹੈ? a) 7.5° b) 15° c) 30° d) 45°
106	A train running at 60 km/h crosses a pole in 30 seconds. What is the length of the train? a) 250 m b) 500 m c) 600 m d) 300 m	60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣ ਵਾਲੀ ਇੱਕ ਰੇਲਗੱਡੀ 30 ਸਕਿੰਟਾਂ ਵਿੱਚ ਇੱਕ ਖੰਭੇ ਨੂੰ ਪਾਰ ਕਰਦੀ ਹੈ। ਰੇਲਗੱਡੀ ਦੀ ਲੰਬਾਈ ਕਿੰਨੀ ਹੈ? a) 250 ਮੀਟਰ b) 500 ਮੀਟਰ c) 600 ਮੀਟਰ d) 300 ਮੀਟਰ
107	A man starts walking north and walks 5 km, then he turns 90° right and walks 3 km, again turns right and walks 5 km. How far is he from the starting point? a) 3 km b) 5 km c) 6 km d) 8 km	ਇੱਕ ਆਦਮੀ ਉੱਤਰ ਵੱਲ ਤੁਰਨਾ ਸ਼ੁਰੂ ਕਰਦਾ ਹੈ ਅਤੇ 5 ਕਿਲੋਮੀਟਰ ਤੁਰਦਾ ਹੈ, ਫਿਰ ਉਹ 90 ਡਿਗਰੀ ਸੱਜੇ ਮੁੜਦਾ ਹੈ ਅਤੇ 3 ਕਿਲੋਮੀਟਰ ਤੁਰਦਾ ਹੈ, ਫਿਰ ਸੱਜੇ ਮੁੜਦਾ ਹੈ ਅਤੇ 5 ਕਿਲੋਮੀਟਰ ਤੁਰਦਾ ਹੈ। ਉਹ ਸ਼ੁਰੂਆਤੀ ਬਿੰਦੂ ਤੋਂ ਕਿੰਨੀ ਦੂਰ ਹੈ? a) 3 ਕਿਲੋਮੀਟਰ b) 5 ਕਿਲੋਮੀਟਰ c) 6 ਕਿਲੋਮੀਟਰ d) 8 ਕਿਲੋਮੀਟਰ
108	Either the exam will be easy or the students will fail. The exam was not easy. Therefore a) Students will fail b) Students will pass c) Students may fail d) Cannot be determined	ਜਾਂ ਤਾਂ ਪ੍ਰੀਖਿਆ ਆਸਾਨ ਹੋਵੇਗੀ ਜਾਂ ਵਿਦਿਆਰਥੀ ਫੇਲ੍ਹ ਹੋ ਜਾਣਗੇ। ਪ੍ਰੀਖਿਆ ਆਸਾਨ ਨਹੀਂ ਸੀ। ਇਸ ਲਈ a) ਵਿਦਿਆਰਥੀ ਫੇਲ੍ਹ ਹੋਣਗੇ b) ਵਿਦਿਆਰਥੀ ਪਾਸ ਹੋਣਗੇ c) ਵਿਦਿਆਰਥੀ ਫੇਲ੍ਹ ਹੋ ਸਕਦੇ ਹਨ d) ਨਿਰਧਾਰਤ ਨਹੀਂ ਕੀਤਾ ਜਾ ਸਕਦਾ
109	All men are mortal. Socrates is a man. Hence a) Socrates is immortal b) Socrates is mortal c) Socrates is god d) None of the above	ਸਾਰੇ ਮਨੁੱਖ ਨਾਸ਼ਵਾਨ ਹਨ। ਸੁਕਰਾਤ ਇੱਕ ਮਨੁੱਖ ਹੈ। ਇਸ ਲਈ a) ਸੁਕਰਾਤ ਅਮਰ ਹੈ b) ਸੁਕਰਾਤ ਨਾਸ਼ਵਾਨ ਹੈ c) ਸੁਕਰਾਤ ਦੇਵਤਾ ਹੈ d) ਉਪਰੋਕਤ ਵਿੱਚੋਂ ਕੋਈ ਨਹੀਂ
110	5 men can complete a work in 20 days. How many men are needed to complete the same work in 10 days? a) 10 b) 8 c) 7 d) 12	5 ਆਦਮੀ ਇੱਕ ਕੰਮ 20 ਦਿਨਾਂ ਵਿੱਚ ਪੂਰਾ ਕਰ ਸਕਦੇ ਹਨ। 10 ਦਿਨਾਂ ਵਿੱਚ ਉਹੀ ਕੰਮ ਪੂਰਾ ਕਰਨ ਲਈ ਕਿੰਨੇ ਆਦਮੀਆਂ ਦੀ ਲੋੜ ਹੈ? a) 10 b) 8 c) 7 d) 12

RAR Civils - Punjab

Join RAR Civils - Punjab (Telegram , YT)

111 ਵਿਰੋਧਾਰਥਕ ਸ਼ਬਦਾਂ ਦੀ ਸੂਚੀ ਮਿਲਾਓ :

ਸੂਚੀ I	**ਸੂਚੀ II**
A. ਸੰਜੋਗ	I. ਪਿਛਾੜੀ
B. ਸਾਕਾਰ	II. ਜਾਂਦੇ
C. ਆਉਂਦੇ	III. ਵਿਜੋਗ
D. ਅਗਾੜੀ	IV. ਨਿਰਾਕਾਰ

ਉਪਰੋਕਤ ਦਾ ਸਹੀ ਮਿਲਾਨ ਕਰੋ :

a) A- III, B- II, C- I, D- IV
b) A- III, B- IV, C- I, D- II
c) A- III, B- IV, C- II, D- I
d) A- III, B- I, C- II, D- IV

112 ਸਮਾਨਾਰਥਕ ਸ਼ਬਦਾਂ ਦੀ ਸੂਚੀ ਮਿਲਾਓ :

ਸੂਚੀ I	**ਸੂਚੀ II**
A. ਉੱਜਲ	I. ਭੈੜਾ
B. ਉਜਾਲਾ	II. ਕੌਲ
C. ਖ਼ਰਾਬ	III. ਚਾਨਣ
D. ਇਕਰਾਰ	IV. ਨਿਰਮਲ

ਉਪਰੋਕਤ ਦਾ ਸਹੀ ਮਿਲਾਨ ਕਰੋ :

a) A- IV, B- III, C- I, D- II
b) A- IV, B-III, C- II, D- I
RAR Civils - Punjab
c) A- IV, B- II, C- I, D- III
d) A- III, B- IV, C- II, D- I

113 'ਧੂੰ ਕੱਢਣਾ' ਮੁਹਾਵਰੇ ਦਾ ਕੀ ਅਰਥ ਹੈ?

a) ਭੇਤ ਦੇਣਾ
b) ਹਰਾ ਦੇਣਾ
c) ਸ਼ੱਕ ਹੋਣਾ
d) ਫੜ੍ਹਾਂ ਮਾਰਨਾ

114 'ਦੋਹਾਂ ਦਾ ਕਸੂਰ ਹੋਣਾ' ਹੇਠ ਲਿਖਿਆਂ ਵਿਚੋਂ ਕਿਹੜੇ ਮੁਹਾਵਰੇ ਦਾ ਅਰਥ ਹੈ?

a) ਦੋਹੀਂ ਹੱਥੀਂ ਤਾੜੀ ਵੱਜਣੀ
b) ਦਿਲ ਖੱਟਾ ਹੋਣਾ
c) ਦੋਹੀਂ ਦਲੀਂ ਮੁਕਾਬਲਾ
d) ਨਾਚ ਨਾ ਜਾਣੇ ਆਂਗਣ ਟੇਢਾ

115 'ਸਜੀਵ' ਸ਼ਬਦ ਵਿਚਲੇ ਅਗੇਤਰ ਦੀ ਪਛਾਣ ਕਰੋ।

a) ਸਜ
b) ਜੀਵ
c) ਸ
d) ਸਅਜ

Join RAR Civils - Punjab (Telegram , YT)

116	'ਮੁਗ਼ਲ' ਸ਼ਬਦ ਦਾ ਇਸਤਰੀ ਲਿੰਗ ਕੀ ਹੈ ? a) ਮੁਗ਼ਲਣੀ b) ਮੁਗ਼ਲੀ c) ਮੁਗ਼ਲਾਣੀ d) ਮੁਗ਼ਲਈ
117	"Fable" ਸ਼ਬਦ ਦਾ ਪੂੰਜਾਬੀ ਰੂਪ ਲਿਖੋ । a) ਮਿਥਿਹਾਸਕ ਕਹਾਣੀ b) ਇਤਿਹਾਸਕ ਕਹਾਣੀ c) ਯਥਾਰਥਕ ਕਹਾਣੀ d) ਬਿਰਤਾਂਤਕ ਕਹਾਣੀ
118	69' ਦਾ ਸ਼ੁੱਧ ਪੂੰਜਾਬੀ ਰੂਪ ਦੱਸੋ। a) ਅਨੱਤਰ b) ਅਨੁੰਹਤਰ c) ਉਨਾਸੀ d) ਉਨੱਤਰ
119	ਫਰੀਦਕੋਟ ਜਿਲ੍ਹੇ ਦਾ ਪੁਰਾਣਾ ਨਾਂ ਕੀ ਹੈ ? a) ਮੋਕਲ ਗੜ੍ਹ b) ਮੋਕਲ ਹਰ c) ਮੋਕਲ ਸਰ d) ਮੋਕਲ ਕਰ
120	ਤ੍ਰਿੰਞਣ ਕਿਸਨੂੰ ਕਹਿੰਦੇ ਹਨ ? a) ਜਿੱਥੇ ਮੁਟਿਆਰਾਂ/ਗੱਭਰੂ ਇੱਕਠੇ ਬੈਠ ਕੇ ਗਾਉਂਦੇ ਹਨ b) ਜਿੱਥੇ ਮੁਟਿਆਰਾਂ/ਗੱਭਰੂ ਇੱਕਠੇ ਬੈਠ ਕੇ ਗੱਲਾਂ ਕਰਦੇ ਹਨ c) ਜਿੱਥੇ ਮੁਟਿਆਰਾਂ ਇਕੱਠੀਆਂ ਬੈਠ ਕੇ ਚਰਖਾ ਕੱਤਦੀਆਂ ਹਨ d) ਜਿੱਥੇ ਬੈਠ ਕੇ ਮੁਟਿਆਰਾਂ ਦੁੱਖ-ਸੁੱਖ ਕਰਦੀਆਂ ਹਨ

RAR Civils - Punjab

******

Join RAR Civils - Punjab (Telegram , YT)

PUNJAB PUBLIC SERVICE COMMISSION

REVISED ANSWER KEY FOR THE RECRUITMENT TO 21 POSTS OF DISTRICT DEFENCE SERVICES WELFARE OFFICER (GROUP-A) IN THE DEPARTMENT OF DEFENCE SERVICES WELFARE, GOVT. OF PUNJAB

EXAM DATE: 18-02-2026

ADVT. NO.- 20255

ANSWER KEY SET - [A]

Q.No.	Answer	Q.No.	Answer	Q.No.	Answer	Q.No.	Answer	Q.No.	Answer
1	B	25	B	49	B	73	A	97	C
2	A	26	B	50	C	74	B	98	C
3	A	27	B	51	C	75	A	99	D
4	B	28	B	52	B	76	A	100	B
5	A	29	C	53	B	77	A	101	A
6	D	30	C	54	D	78	A	102	A
7	A	31	A	55	A	79	B	103	A
8	B	32	B	56	A	80	D	104	A
9	B	33	A	57	C	81	C	105	A
10	B	34	C	58	C	82	C	106	B
11	C	35	A	59	A	83	D	107	A
12	C	36	A	60	D	84	A	108	A
13	D	37	C	61	C	85	B	109	B
14	B	38	C	62	B	86	D	110	A
15	A	39	D	63	D	87	B	111	C
16	B	40	B	64	A	88	D	112	A
17	A	41	A	65	C	89	A	113	A
18	A	42	D	66	C	90	C	114	A
19	C	43	D	67	B	91	A	115	C
20	A	44	A	68	B	92	D	116	C
21	C	45	B	69	C	93	A	117	A
22	A	46	B	70	C	94	B	118	D
23	D	47	A	71	A	95	A	119	B
24	A	48	B	72	C	96	D	120	C

RAR Civils - Punjab

Sd/-

SECRETARY [EXAMINATIONS]

Join RAR Civils - Punjab (Telegram , YT)